# ਦੀਵਾਨੀ ਕਾਨੂੰਨੀ ਮਦਦ - ਤੁਹਾਨੂੰ ਕਿੰਨਾ ਭੁਗਤਾਨ ਕਰਨਾ ਪੈ ਸਕਦਾ ਹੈ

ਇਸਤੋਂ ਪਹਿਲਾਂ ਕਿ ਤੁਹਾਡਾ ਵਕੀਲ (ਸੱਾਲੀਸਿਟਰ) ਤੁਹਾਡੇ ਲਈ ਕੰਮ ਕਰਨਾ ਸ਼ੁਰੂ ਕਰੇ, ਤੁਹਾਡੇ ਲਈ ਇਹ ਜਾਣਨਾ ਬਹੁਤ ਜ਼ਰੂਰੀ ਹੈ ਕਿ ਤੁਹਾਨੂੰ ਕਿੰਨਾ ਭੁਗਤਾਨ ਕਰਨਾ ਪੈ ਸਕਦਾ ਹੈ।

ਇਹ ਲੀਫ਼ਲੈਟ ਦੱਸਦਾ ਹੈ:

- ਤੁਹਾਨੂੰ ਕਿੰਨਾ ਭੁਗਤਾਨ ਕਰਨਾ ਪੈ ਸਕਦਾ ਹੈ
- ਸੰਪਤੀ ਜਿੱਤਣ ਜਾਂ ਬਚਾਉਣ ਤੋਂ ਸਾਡਾ ਕੀ ਮਤਲਬ ਹੈ
- ''ਕਲੱਾਬੈਕ'' ਤੋਂ ਸਾਡਾ ਕੀ ਮਤਲਬ ਹੈ।

ਇਹ ਜਾਣਕਾਰੀ ਕਾਨੂੰਨੀ ਸਹਾਇਤਾ ਜਾਂ ਸਲਾਹ ਅਤੇ ਸਹਾਇਤਾ 'ਤੇ ਲਾਗੂ ਹੁੰਦੀ ਹੈ। ਤੁਹਾਨੂੰ ਆਪਣੇ ਵਕੀਲ ਨੂੰ ਇਸ ਬਾਰੇ ਦੱਸਣ ਲਈ ਕਹਿਣਾ ਚਾਹੀਦਾ ਹੈ ਕਿ ਇਸ ਲੀਫ਼ਲੈਟ ਵਿਚ ਦਿਤੇ ਗਏ ਨੁਕਤਿਆਂ ਵਿਚੋਂ ਕੋਈ, ਤੁਹਾਡੇ ਮੁਕੱਦਮੇ ਨੂੰ ਕਿਵੇਂ ਪ੍ਰਭਾਵਿਤ ਕਰ ਸਕਦਾ ਹੈ।

## ਸਾਡੇ ਨਾਲ ਸੰਪਰਕ ਕਰੋ

ਕੀ ਤੁਸੀਂ:

- ਆਪਣੇ ਨਜ਼ਦੀਕੀ ਕਾਨੂੰਨੀ ਸਹਾਇਤਾ ਵਕੀਲ ਨੂੰ ਲੱਭਣਾ ਚਾਹੁੰਦੇ ਹੋ
- ਕਾਨੂੰਨੀ ਸਹਾਇਤਾ ਬਾਰੇ ਹੋਰ ਜਾਣਨਾ ਚਾਹੁੰਦੇ ਹੋ
- ਸਾਡੇ ਲੀਫ਼ਲੈਟ ਮੰਗਾਉਣਾ ਚਾਹੁੰਦੇ ਹੋ?

ਤਾਂ ਫਿਰ ਸਾਡੀ ਕਾਨੂੰਨੀ **ਸਹਾਇਤਾ ਹੈਲਪਲਾਈਨ [Legal Aid Helpline]** ਨੂੰ **0845 122 8686** 'ਤੇ (ਹਫ਼ਤੇ ਵਿਚ ਸੱਤੇ ਦਿਨ ਸਵੇਰੇ 7 ਵਜੇ ਤੋਂ ਰਾਤੀਂ 11 ਵਜੇ ਤੱਕ) ਕੱਲ ਕਰੋ ਜਾਂ ਸਾਡੀ ਵੈਬਸਾਈਟ **www.slab.org.uk** 'ਤੇ ਜਾਓ। ਸਾਡੀ ਵੈਬਸਾਈਟ ਵਿਚ ਸਾਡੇ ਸੇਵਾ ਮਿਆਰਾਂ ਦੇ ਵੇਰਵੇ ਵੀ ਸ਼ਾਮਿਲ ਹਨ।

ਤੁਹਾਡੇ ਵਲੋਂ ਭਰੇ ਜਾਣ ਵਾਲੇ ਫ਼ਾਰਮਾਂ ਜਾਂ ਆਪਣੀ **ਮਾਲੀ ਯੋਗਤਾ** ਬਾਰੇ, ਜੇ ਤੁਹਾਡੇ ਕੋਈ ਸੁਆਲ ਹਨ, ਤਾਂ ਕਿਰਪਾ ਕਰਕੇ **0845 123 2330** 'ਤੇ (ਹਫ਼ਤੇ ਦੇ ਦਿਨਾਂ ਵਿਚ ਸਵੇਰੇ 8.30 ਵਜੇ ਤੋਂ ਸ਼ਾਮੀਂ 5 ਵਜੇ ਤੱਕ)ਸਾਡੀ ਮਾਲੀ ਮੁਲਾਂਕਣ ਬਾਰੇ ਯੂਨਿਟ ਨਾਲ ਸੰਪਰਕ ਕਰੋ।

ਸਾਡੇ ਆਮ ਟੈਲੀਫ਼ੋਨ ਨੰਬਰ **0131 226 7061** ਹੈ। BT ਟੈਕਸਟ ਡਾਇਰੈਕਟ ਰਾਹੀਂ ਕੀਤੀਆਂ ਜਾਣ ਵਾਲੀਆਂ ਕੱਲਸ ਦਾ ਸੁਆਗਤ ਹੈ।

ਸਾਡਾ ਪਤਾ ਹੈ: 44 Drumsheugh Gardens, Edinburgh EH3 7SW.

ਸਾਡਾ ਈਮੇਲ ਪਤਾ ਹੈ: **general@slab.org.uk**.

ਅਸੀਂ ਸਿੱਧਿਆਂ ਕਾਨੂੰਨੀ ਸਲਾਹ ਉਪਲਬਧ **ਨਹੀਂ** ਕਰਾਉਂਦੇ, ਇਹ ਕੰਮ ਸਾਡੇ ਸੱਲੀਸਿਟਰਾਂ ਵਲੋਂ ਕੀਤਾ ਜਾਂਦਾ ਹੈ – ਅਸੀਂ ਕਾਨੂੰਨੀ ਸਹਾਇਤਾ ਸਿਸਟਮ ਦਾ ਪ੍ਰਬੰਧ ਕਰਦੇ ਹਾਂ।

## ਹੋਰ ਲਾਹੇਵੰਦ ਸੰਪਰਕ

ਸਕੱਟਲੈਂਡ ਦੀ ਲੱਅ ਸੋਸਾਇਟੀ, [Law Society of Scotland], 26 Drumsheugh Gardens, Edinburgh EH3 7YR
ਟੈਲੀਫ਼ੋਨ: 0845 113 0018 ਵੈਬਸਾਈਟ: www.lawscot.org.uk

ਨਾਗਰਿਕ ਸਲਾਹ ਸਕੱਟਲੈਂਡ [www.cas.org.uk], ਮਨੀ ਐਡਵਾਈਜ਼ ਸੈਂਟਰ [www.moneyadvicescotland.org.uk], ਅਤੇ ਸ਼ੈਲਟਰ (ਜੋ ਹਾਊਸਿੰਗ ਸਬੰਧੀ ਮਾਮਲਿਆਂ ਨਾਲ ਨਜਿੱਠਦਾ ਹੈ, www.scotland.shelter.org.uk) ਵਰਗੀਆਂ ਸੰਸਥਾਵਾਂ ਤੋਂ ਮੁਫ਼ਤ ਸਲਾਹ ਉਪਲਬਧ ਹੈ। ਕਿਰਪਾ ਕਰਕੇ ਉਹਨਾਂ ਦੇ ਸੰਪਰਕ ਵੇਰਵਿਆਂ ਲਈ ਉਹਨਾਂ ਦੀਆਂ ਵੈਬਸਾਈਟਾਂ 'ਤੇ ਜਾਓ ਜਾਂ ਯੈਲੋ ਪੇਜਿਜ਼ ਵਿਚ ਵੇਖੋ।

## ਸਾਡੇ ਲੀਫ਼ਲੈਟ

- ਦੀਵਾਨੀ ਕਾਨੂੰਨੀ ਸਹਾਇਤਾ ਬਾਰੇ ਗਾਈਡ
- ਦੀਵਾਨੀ ਕਾਨੂੰਨੀ ਸਹਾਇਤਾ – ਅਰਜ਼ੀ ਦੇਣ ਵਾਲਿਆਂ ਲਈ ਜਾਣਕਾਰੀ
- ਦੀਵਾਨੀ ਕਾਨੂੰਨੀ ਸਹਾਇਤਾ – ਤੁਹਾਨੂੰ ਕੀ ਭੁਗਤਾਨ ਕਰਨਾ ਪੈ ਸਕਦਾ ਹੈ
- ਦੀਵਾਨੀ ਕਾਨੂੰਨੀ ਸਹਾਇਤਾ ਦੇ ਮੁਕੱਦਮਿਆਂ ਵਿਚ ਵਿਰੋਧੀ ਧਿਰ ਲਈ ਸੇਧ
- ਬੱਚਿਆਂ ਲਈ ਕਾਨੂੰਨੀ ਸਹਾਇਤਾ
- ਫ਼ੌਜਦਾਰੀ ਕਾਨੂੰਨੀ ਸਹਾਇਤਾ ਬਾਰੇ ਗਾਈਡ
- ਸਕੌਟਿਸ਼ ਕਾਨੂੰਨੀ ਸਹਾਇਤਾ ਬੋਰਡ ਬਾਰੇ ਸ਼ਿਕਾਇਤਾਂ ਅਤੇ ਟਿੱਪਣੀਆਂ
- ਜਾਣਕਾਰੀ ਤੱਕ ਪਹੁੰਚ

## ਵਿਸ਼ਾ-ਵਸਤੂ


1. ਕੀ ਦੀਵਾਨੀ ਕਾਨੂੰਨੀ ਸਹਾਇਤਾ ਮੁਫ਼ਤ ਹੈ?
2. ਵਿਰੋਧੀ ਧਿਰ ਵਲੋਂ ਅਦਾ ਕੀਤਾ ਗਿਆ ਅਦਾਲਤੀ ਖ਼ਰਚਾ
3. ਯੋਗਦਾਨ
4. ਜਿੱਤੀ ਹੋਈ ਜਾਂ ਬਚਾਈ ਹੋਈ ਸੰਪਤੀ
5. ਜੇ ਮੇਰਾ ਵਕੀਲ ਵਿਅਕਤੀਗਤ ਤੌਰ 'ਤੇ ਮੇਰੇ ਲਈ ਕੰਮ ਕਰਨ ਦਾ ਸੁਝਾਅ ਦਏ, ਤਾਂ?
6. ਕੀ ਮੈਨੂੰ ਇਹ ਕਹਿਣ ਦਾ ਹੱਕ ਹੈ ਕਿ ਤੁਸੀਂ ਮੇਰੇ ਵਕੀਲ ਨੂੰ ਕਿੰਨਾ ਭੁਗਤਾਨ ਕਰੋ?
7. ਵਿਰੋਧੀ ਧਿਰ ਦੇ ਖ਼ਰਚਿਆਂ ਦਾ ਭੁਗਤਾਨ ਕਰਨਾ
8. ਮੇਰੇ ਵਲੋਂ ਦਿਤੀ ਗਈ ਜਾਣਕਾਰੀ ਦੀ ਵਰਤੋਂ ਤੁਸੀਂ ਕਿਵੇਂ ਕਰੋਗੇ?
9. ਜੇ ਮੈਂ ਆਪਣੇ ਵਕੀਲ ਦੇ ਕੰਮ ਤੋਂ ਨਾਖ਼ੁਸ਼ ਹਾਂ, ਤਾਂ?
10. ਉਦਾਹਰਣਾਂ


ਤੁਹਾਨੂੰ ਦੋ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਮਿਲ ਸਕਦੀ ਹੈ: 'ਸਲਾਹ ਅਤੇ ਸਹਾਇਤਾ' ਅਤੇ **'ਦੀਵਾਨੀ ਕਾਨੂੰਨੀ ਸਹਾਇਤਾ' [civil legal assistance]**। ਦੋਹਾਂ ਨੂੰ ਮਿਲਾਕੇ 'ਦੀਵਾਨੀ ਕਾਨੂੰਨੀ ਸਹਾਇਤਾ' ਕਿਹਾ ਜਾਂਦਾ ਹੈ।

- ਪਹਿਲੀ ਚੀਜ਼ ਹੈ **ਸਲਾਹ ਅਤੇ ਸਹਾਇਤਾ**। ਇਹ ਸਕੌਟਲੈਂਡ ਦੇ ਕਾਨੂੰਨ ਦੇ ਕਿਸੇ, ਦੀਵਾਨੀ ਜਾਂ ਫ਼ੌਜਦਾਰੀ ਸਬੰਧਿਤ ਕਿਸੇ ਮਾਮਲੇ ਵਿਚ ਵਕੀਲ ਦੀ ਸਲਾਹ ਲਈ ਭੁਗਤਾਨ ਕਰਦੀ ਹੈ – ਉਦਾਹਰਣ ਵਜੋਂ ਅਦਾਲਤ ਵਿਚ ਗਏ ਬਗ਼ੈਰ, ਤੁਹਾਡੇ ਵਲੋਂ ਕਿਸੇ ਮਾਮਲੇ ਨੂੰ ਸੁਲਝਾਉਣਾ। ਪਰ, ਕੁਝ ਅਪਵਾਦਾਂ ਨੂੰ ਛੱਡਕੇ, ਇਸ ਵਿਚ 'ਨੁਮਾਇੰਦਗੀ'- ਯਾਨਿ ਤੁਹਾਡੇ ਮਾਮਲੇ ਨੂੰ ਅਦਾਲਤ ਵਿਚ ਪੇਸ਼ ਕਰਨਾ ਸ਼ਾਮਿਲ ਨਹੀਂ ਹੋਏਗਾ।
- ਦੂਜੀ ਚੀਜ਼ ਹੈ **ਦੀਵਾਨੀ ਕਾਨੂੰਨੀ ਸਹਾਇਤਾ**। (ਕਿਉਂਕਿ ਇਸ ਲੀਫ਼ਲੈਟ ਦਾ ਸਬੰਧ ਸਿਰਫ਼ ਦੀਵਾਨੀ ਕਾਨੂੰਨੀ ਸਹਾਇਤਾ ਨਾਲ ਹੈ, ਇਸ ਲਈ ਜਿਥੇ ਅਸੀਂ 'ਕਾਨੂੰਨੀ ਸਹਾਇਤਾ' ਦੀ ਗੱਲ ਕਰਦੇ ਹਾਂ, ਉਥੇ ਸਾਡੀ ਮੁਰਾਦ ਦੀਵਾਨੀ ਕਾਨੂੰਨੀ ਸਹਾਇਤਾ ਤੋਂ ਹੁੰਦੀ ਹੈ।) ਇਹ ਅਦਾਲਤ ਵਿਚ ਤੁਹਾਡੇ ਮੁਕੱਦਮੇ ਦੀ ਪੈਰਵੀ ਲਈ ਤੁਹਾਡੇ ਵਕੀਲ ਨੂੰ ਭੁਗਤਾਨ ਕਰਦੀ ਹੈ। ਇਸ ਵਿਚ ਦਾਅਵਾ ਤਿਆਰ ਕਰਨਾ ਅਤੇ ਅਦਾਲਤੀ ਸੁਣਵਾਈ ਸ਼ਾਮਿਲ ਹੁੰਦੀ ਹੈ ਅਤੇ ਇਸ ਤਹਿਤ ਵਕੀਲਾਂ ਅਤੇ ਲੋੜ ਪੈਣ 'ਤੇ ਮਾਹਿਰਾਂ ਦੇ ਭੁਗਤਾਨ ਲਈ ਵੀ ਰਕਮ ਉਪਲਬਧ ਕਰਾਈ ਜਾ ਸਕਦੀ ਹੈ।

ਕੁਝ ਲੋਕਾਂ ਨੂੰ ਸਿਰਫ਼ ਸਲਾਹ ਅਤੇ ਸਹਾਇਤਾ ਦੀ ਲੋੜ ਪੈਂਦੀ ਹੈ ਅਤੇ ਕੁਝ ਲੋਕਾਂ ਨੂੰ ਸਿਰਫ਼ ਕਾਨੂੰਨੀ ਸਹਾਇਤਾ ਦੀ ਲੋੜ ਹੁੰਦੀ ਹੈ। ਬਹੁਤ ਸਾਰੇ ਲੋਕ ਸਲਾਹ ਅਤੇ ਸਹਾਇਤਾ ਤੋਂ ਸ਼ੁਰੂ ਕਰਦੇ ਹਨ ਅਤੇ ਫਿਰ ਕਾਨੂੰਨੀ ਸਹਾਇਤਾ 'ਤੇ ਆ ਜਾਂਦੇ ਹਨ।

## 1 ਕੀ ਦੀਵਾਨੀ ਕਾਨੂੰਨੀ ਸਹਾਇਤਾ ਮੁਫ਼ਤ ਹੈ?

ਹਮੇਸ਼ਾ ਨਹੀਂ: ਤੁਹਾਨੂੰ ਮੁਕੱਦਮੇ ਦੇ ਅਦਾਲਤੀ ਖ਼ਰਚੇ ਲਈ ਥੋੜ੍ਹਾ ਭੁਗਤਾਨ ਕਰਨਾ ਪੈ ਸਕਦਾ ਹੈ। ਮੁੱਖ ਤੌਰ ਤੇ ਤਿੰਨ ਅਹਿਮ ਸਥਿਤੀਆਂ ਵਿਚ ਤੁਹਾਨੂੰ ਭੁਗਤਾਨ ਕਰਨਾ ਪੈ ਸਕਦਾ ਹੈ:

- ਜੇ ਤੁਹਾਡੀ ਆਮਦਨ – ਅਤੇ ਕਾਨੂੰਨੀ ਸਹਾਇਤਾ ਲਈ ਬੱਚਤਾਂ – ਇਕ ਨਿਸ਼ਚਿਤ ਸੀਮਾ ਤੋਂ ਵੱਧ ਹਨ – ਇਸ ਲੀਫ਼ਲੈਟ ਦੇ ਹਿੱਸੇ 3 ਵਿਚ, ਇਸ ਬਾਰੇ ਜ਼ਿਆਦਾ ਵੇਰਵੇ ਨਾਲ ਦਸਿਆ ਗਿਆ ਹੈ ਅਤੇ ਮੁਕੱਦਮੇ ਦੇ ਸਬੰਧਾਂ ਵਿਚ ਪਹਿਲੀ ਵਾਰੀ ਆਪਣੇ ਵਕੀਲ ਨਾਲ ਸੰਪਰਕ ਕਰਨ 'ਤੇ ਵੀ ਉਹ ਇਸਦਾ ਖ਼ੁਲਾਸਾ ਕਰ ਸਕਦਾ ਹੈ। ਸਾਡਾ ਲੀਫ਼ਲੈਟ, *ਦੀਵਾਨੀ ਕਾਨੂੰਨੀ ਸਹਾਇਤਾ ਗਾਈਡ [A guide to civil legal aid]* ਵੀ ਤੁਹਾਨੂੰ ਜ਼ਿਆਦਾ ਜਾਣਕਾਰੀ ਦਿੰਦਾ ਹੈ।
- ਜੇ ਤੁਸੀਂ ਆਪਣੇ ਵਕੀਲ ਦੀ ਪੈਰਵੀ ਨਾਲ ਧੰਨ ਜਾਂ ਸੰਪਤੀ ('ਜਿੱਤ ਜਾਂ ਬਚਾ') ਲੈਂਦੇ ਹੋ। ਤੁਹਾਡੇ ਮੁਕੱਦਮੇ ਦੇ ਅਦਾਲਤੀ ਖ਼ਰਚੇ ਦਾ ਭੁਗਤਾਨ ਕਰਨ ਲਈ, ਉਸਦੀ ਵਰਤੋਂ ਨੂੰ 'ਕਲਾਬੈਕ' ਕਿਹਾ ਜਾਂਦਾ ਹੈ। ਆਪਣੇ ਵਕੀਲ ਤੋਂ ਇਹ ਪੁੱਛਣਾ ਜ਼ਰੂਰੀ ਹੈ ਕਿ ਕੀ ਤੁਹਾਡੇ ਮਾਮਲੇ ਵਿਚ ਕਲਾਬੈਕ ਲਾਗੂ ਹੋਏਗਾ, ਤਾਂ ਤੁਹਾਡੇ ਲਈ ਇਸਦਾ ਕੀ ਅਰਥ ਹੋ ਸਕਦਾ ਹੈ।
- ਜੇ ਤੁਸੀਂ ਮੁਕੱਦਮਾ ਹਾਰ ਜਾਂਦੇ ਹੋ ਅਤੇ ਅਦਾਲਤ ਤੁਹਾਨੂੰ ਤੁਹਾਡੀ ਵਿਰੋਧੀ ਧਿਰ ਦਾ ਸਾਰਾ ਅਦਾਲਤੀ ਖ਼ਰਚ ਜਾਂ ਉਸਦੇ ਕੁਝ ਹਿੱਸੇ ਦਾ ਭੁਗਤਾਨ ਕਰਨ ਦਾ ਹੁਕਮ ਦਿੰਦੀ ਹੈ – ਤਾਂ ਕਾਨੂੰਨੀ ਸਹਾਇਤਾ ਸਿਰਫ਼ ਤੁਹਾਡੀਆਂ ਅਦਾਲਤੀ ਲਾਗਤਾਂ ਦਾ ਭੁਗਤਾਨ ਕਰੇਗੀ। ਪਰ ਤੁਸੀਂ ਅਦਾਲਤ ਨੂੰ ਰਕਮ ਘੱਟ ਕਰਨ ਲਈ ਕਹਿ ਸਕਦੇ ਹੋ, ਕਿਉਂਕਿ ਤੁਸੀਂ ਕਾਨੂੰਨੀ ਸਹਾਇਤਾ 'ਤੇ ਹੋ।

### 1.1 ਮੇਰੇ ਵਕੀਲ ਦਾ ਬਿਲ ਕਿਵੇਂ ਅਦਾ ਕੀਤਾ ਜਾਂਦਾ ਹੈ?

ਤੁਹਾਡੇ ਵਕੀਲ ਦੇ ਬਿਲ ਦਾ ਭੁਗਤਾਨ ਅਸੀਂ ਕਰਾਂਗੇ। ਪਰ, ਅਸੀਂ ਤੁਹਾਡੇ ਮੁਕੱਦਮੇ ਦਾ ਭੁਗਤਾਨ ਕਰਨ ਲਈ ਸਰਕਾਰੀ ਫ਼ੰਡ ਦੀ ਵਰਤੋਂ ਕਰਦੇ ਹਾਂ, ਅਤੇ ਇਹ ਜ਼ਰੂਰੀ ਹੈ ਕਿ ਜਿਥੇ ਸੰਭਵ ਹੋਵੇ, ਇਹਨਾਂ ਦਾ ਮੁੜ ਭੁਗਤਾਨ ਕਰਨਾ ਪੈਂਦਾ ਹੈ। ਇਸ ਲਈ ਕਾਨੂੰਨੀ ਸਹਾਇਤਾ ਲੈਣ ਵਾਲਾ ਉਸੀ ਸਥਿਤੀ ਵਿਚ ਆ ਜਾਂਦਾ/ਜਾਂਦੀ ਹੈ, ਜਿਵੇਂ ਕੋਈ ਵਿਅਕਤੀਗਤ ਪੱਧਰ ਤੇ ਉਸਦੀ ਕਾਨੂੰਨੀ ਸਹਾਇਤਾ ਲਈ ਭੁਗਤਾਨ ਕਰੇ।

**ਸਲਾਹ ਅਤੇ ਸਹਾਇਤਾ**

ਤੁਹਾਡੀ ਸਲਾਹ ਅਤੇ ਸਹਾਇਤਾ ਲਈ ਲਾਗਤਾਂ ਦਾ ਭੁਗਤਾਨ ਕੀਤਾ ਜਾਂਦਾ ਹੈ:

- ਪਹਿਲਾ, ਆਪਣੇ ਵਕੀਲ ਨੂੰ ਦਿਤੇ ਜਾਣ ਵਾਲੇ ਭੁਗਤਾਨ ਪ੍ਰਤੀ ਤੁਹਾਡੇ ਵਲੋਂ ਕੋਈ ਵੀ ਯੋਗਦਾਨ।
- ਦੂਜਾ, ਗੱਲਬਾਤ ਨਾਲ ਹੋਏ ਸਹਿਮਤੀ ਵਾਲੇ ਸਮਝੌਤੇ ਦੇ ਹਿੱਸੇ ਵਜੋਂ ਇੰਜ ਕਰਨ ਲਈ ਜਾਂ ਕਿਉਂਕਿ ਅਦਾਲਤ ਦੇ ਹੁਕਮ ਮੁਤਾਬਿਕ ਤੁਹਾਡੀ ਵਿਰੋਧੀ ਧਿਰ, ਜੋ ਵੀ ਅਦਾਲਤੀ ਲਾਗਤ ਅਦਾ ਕਰਦੀ ਹੈ, ਉਸ ਪ੍ਰਤੀ।
- ਤੀਜਾ, ਜੇ ਪਹਿਲੇ ਦੇ ਵਿਕਲਪ ਢੁਕਵੇਂ ਨਹੀਂ ਹਨ, ਤਾਂ ਤੁਹਾਨੂੰ ਦਿਤੀ ਗਈ ਸਲਾਹ ਅਤੇ ਸਹਾਇਤਾ (ਕਲਾਬੈਕ) ਨਾਲ ਤੁਸੀਂ ਜਿਹੜੀ ਵੀ ਸੰਪਤੀ ਜਿਤਦੇ ਜਾਂ ਬਚਾਉਂਦੇ ਹੋ, ਉਸ ਸੰਪਤੀ ਦੇ ਹਿੱਸੇ ਜਾਂ ਪੂਰੀ ਸੰਪਤੀ ਨਾਲ,। ਜੇ ਭੁਗਤਾਨ ਨਾਲ ਤੁਸੀਂ ਕਿਸੇ ਵਡੀ ਮੁਸੀਬਤ ਜਾਂ ਸੰਕਟ ਵਿਚ ਪੈ ਜਾਂਦੇ ਹੋ, ਤਾਂ ਤੁਹਾਨੂੰ ਇਹ ਵੀ ਨਹੀਂ ਕਰਨਾ ਪੈ ਸਕਦਾ।
- ਅਖ਼ੀਰ ਵਿਚ, ਜੇ ਪਹਿਲੀਆਂ ਤਿੰਨ ਉਚਿਤ ਨਹੀਂ ਹਨ, ਤਾਂ ਸਾਡੇ ਆਪਣੇ ਫ਼ੰਡਾਂ ਤੋਂ।

ਸਲਾਹ ਅਤੇ ਸਹਾਇਤਾ ਲਈ, ਜੇ ਤੁਸੀਂ ਕੋਈ ਭੁਗਤਾਨ ਕਰਨਾ ਹੈ, ਤਾਂ ਸਿੱਧਿਆਂ ਆਪਣੇ ਵਕੀਲ ਨੂੰ ਕਰੋ।

**ਕਾਨੂੰਨੀ ਸਹਾਇਤਾ**

ਤੁਹਾਡੀ ਕਾਨੂੰਨੀ ਸਹਾਇਤਾ ਦੀ ਲਾਗਤ ਦਾ ਭੁਗਤਾਨ ਕਰਨ ਲਈ ਅਸੀਂ ਹੇਠ ਲਿਖੇ ਦੀ ਵਰਤੋਂ ਕਰਾਂਗੇਃ

- ਪਹਿਲਾ, ਤੁਹਾਡੀ ਵਿਰੋਧੀ ਧਿਰ, ਜਿਹੜੀ ਵੀ ਅਦਾਲਤੀ ਲਾਗਤ ਅਦਾ ਕਰੇਗੀ
- ਦੂਜਾ, ਜਿੰਨਾ ਯੋਗਦਾਨ ਤੁਸੀਂ ਸਾਨੂੰ ਅਦਾ ਕਰਨਾ ਹੋਏਗਾ
- ਤੀਜਾ, ਜੇ ਇਹ ਦੋਵੇਂ ਉਚਿਤ ਨਹੀਂ ਹਨ, ਤਾਂ ਆਪਣੇ ਮੁਕੱਦਮੇ ਦੇ ਨਤੀਜੇ ਵਜੋਂ, ਤੁਸੀਂ ਜਿਹੜਾ ਧੰਨ ਜਾਂ ਸੰਪਤੀ ਜਿੱਤੋਗੇ ਜਾਂ ਬਚਾਓਗੇ, ਉਸਦੇ ਕੁਝ ਹਿੱਸੇ ਜਾਂ ਪੂਰੇ ਧੰਨ ਜਾਂ ਸੰਪਤੀ, ਯਾਨਿ (ਕਲਾਬੈਕ) ਰਾਹੀਂ, ਭਾਵੇਂ ਇੰਜ ਕਰਨ ਨਾਲ ਮੁਸ਼ਕਿਲ ਜਾਂ ਤਕਲੀਫ਼ ਹੋਵੇ
- ਚੌਥਾ, ਜੇ ਉਪਰੋਕਤ ਤਿੰਨੇ ਉਚਿਤ ਨਹੀਂ ਹਨ, ਤਾਂ ਸਾਡੇ ਆਪਣੇ ਫ਼ੰਡਾਂ ਤੋਂ।

ਜੇ ਤੁਹਾਡੀ ਵਿਰੋਧੀ ਧਿਰ ਉਹਨਾਂ ਅਦਾਲਤੀ ਲਾਗਤਾਂ ਦਾ ਭੁਗਤਾਨ ਨਹੀਂ ਕਰਦੀ, ਜੋ ਉਸਨੇ ਕਰਨੇ ਹਨ, ਤਾਂ ਅਸੀਂ ਤੁਹਾਡੇ ਵਕੀਲ ਦੇ ਬਿਲ ਦਾ ਭੁਗਤਾਨ ਕਰਨ ਲਈ, ਉਸ ਯੋਗਦਾਨ ਦਾ, ਜਿਸਦਾ ਭੁਗਤਾਨ ਕਰਨ ਲਈ ਅਸੀਂ ਤੁਹਾਨੂੰ ਕਿਹਾ ਹੈ ਅਤੇ ਉਸ ਸੰਪਤੀ ਦੀ, ਜੋ ਤੁਸੀਂ ਜਿੱਤੋਗੇ ਜਾਂ ਬਚਾਓਗੇ, ਦੀ ਵਰਤੋਂ ਕਰਨੀ ਹੋਏਗੀ। ਅਸੀਂ ਤੁਹਾਡੇ ਯੋਗਦਾਨ ਦਾ ਉਸ ਸਮੇਂ ਤੱਕ ਭੁਗਤਾਨ ਨਹੀਂ ਕਰਾਂਗੇ, ਜਦ ਤੱਕ ਕਿ ਤੁਹਾਡੀ ਵਿਰੋਧੀ ਧਿਰ ਤੋਂ ਸਾਨੂੰ ਪੈਸੇ ਨਹੀਂ ਮਿਲ ਜਾਂਦੇ, ਜਦ ਤੱਕ ਕਿ ਅਸੀਂ ਤੁਹਾਡੇ ਵਕੀਲ ਨੂੰ ਜੋ ਭੁਗਤਾਨ ਕੀਤਾ ਹੈ, ਤੁਹਾਡਾ ਯੋਗਦਾਨ ਉਸ ਤੋਂ ਵੱਧ ਨਾ ਹੋਏ।

ਕਾਨੂੰਨੀ ਸਹਾਇਤਾ ਲਈ, ਜੇ ਤੁਸੀਂ ਭੁਗਤਾਨ ਕਰਨਾ ਚਾਹੁੰਦੇ ਹੋ, ਤਾਂ ਇਹ ਸਾਨੂੰ ਕਰੋ

ਇਸ ਲੀਫ਼ਲੈਟ ਵਿਚ ਅਸੀਂ ਉਹਨਾਂ ਸਾਰੀਆਂ ਸਥਿਤੀਆਂ ਬਾਰੇ ਜ਼ਿਕਰ ਕਰਾਗੇ। ਅਸੀਂ ਇਸ ਬਾਰੇ ਵੀ ਦਸਾਂਗੇ ਕਿ ਜੇ ਤੁਸੀਂ ਮੁਕੱਦਮਾ ਹਾਰ ਜਾਂਦੇ ਹੋ, ਤਾਂ ਅਦਾਲਤ ਤੁਹਾਨੂੰ ਆਪਣੀ ਵਿਰੋਧੀ ਧਿਰ ਦੀਆਂ ਲਾਗਤਾਂ ਦਾ ਭੁਗਤਾਨ ਕਰਨ ਦਾ ਹੁਕਮ ਸੁਣਾਉਂਦੀ ਹੈ, ਤਾਂ ਕੀ ਸਕਦਾ ਹੈ।

## 2 ਵਿਰੋਧੀ ਧਿਰ ਵਲੋਂ ਅਦਾ ਕੀਤੀਆਂ ਗਈਆਂ ਲਾਗਤਾਂ

### 2.1 ਸਲਾਹ ਅਤੇ ਸਹਾਇਤਾ

ਜੇ ਤੁਹਾਡੀ ਵਿਰੋਧੀ ਧਿਰ, ਤੁਹਾਡੀਆਂ ਲਾਗਤਾਂ ਦਾ ਸਾਰਾ ਜਾਂ ਉਸਦੇ ਕੁਝ ਹਿੱਸੇ ਦਾ ਭੁਗਤਾਨ ਕਰਨ ਲਈ ਰਜ਼ਾਮੰਦ ਹੋ ਜਾਂਦੀ ਹੈ ਜਾਂ ਅਦਾਲਤ ਉਸਨੂੰ ਇੰਜ ਕਰਨ ਦਾ ਹੁਕਮ ਸੁਣਾਉਂਦੀ ਹੈ, ਤਾਂ ਅਸੀਂ ਇਸ ਧੰਨ ਦੀ ਵਰਤੋਂ ਤੁਹਾਡੇ ਵਕੀਲ ਦੇ ਬਿਲ ਦਾ ਭੁਗਤਾਨ ਕਰਨ ਲਈ ਕਰਾਂਗੇ। ਪਰ, ਇਸਦਾ ਮਤਲਬ ਇਹ ਨਹੀਂ ਹੈ ਕਿ ਤੁਹਾਡਾ ਵਕੀਲ ਸਲਾਹ ਅਤੇ ਸਹਾਇਤਾ ਲਈ ਤੁਹਾਡੇ ਵਲੋਂ ਪਾਏ ਗਏ ਕਿਸੇ ਵੀ ਯੋਗਦਾਨ ਦੀ ਰਕਮ ਵਾਪਸ ਕਰ ਦਏਗਾ।

### 2.2 ਕਾਨੂੰਨੀ ਸਹਾਇਤਾ

ਜੇ ਤੁਸੀਂ ਮੁਕੱਦਮਾ ਜਿੱਤ ਜਾਂਦੇ ਹੋ, ਤਾਂ ਤੁਹਾਡੀ ਵਿਰੋਧੀ ਧਿਰ ਸਾਰੀ ਅਦਾਲਤੀ ਲਾਗਤ ਜਾਂ ਉਸਦਾ ਕੁਝ ਹਿੱਸਾ ਦੇਣ ਲਈ ਰਜ਼ਾਮੰਦ ਹੋ ਸਕਦੀ ਹੈ ਜਾਂ ਅਦਾਲਤ ਉਸਨੂੰ ਇੰਜ ਕਰਨ ਦਾ ਹੁਕਮ ਸੁਣਾ ਸਕਦੀ ਹੈ। ਜੇ ਅਸਲ ਵਿਚ ਇਹਨਾਂ ਲਾਗਤਾਂ ਦਾ ਭੁਗਤਾਨ ਸਾਨੂੰ ਕੀਤਾ ਜਾਂਦਾ ਹੈ, ਤਾਂ ਅਸੀਂ ਕਾਨੂੰਨੀ ਸਹਾਇਤਾ ਲਈ ਦਿਤੀ ਗਈ ਯੋਗਦਾਨ ਦੀ ਪੂਰੀ ਰਕਮ ਜਾਂ ਉਸਦਾ ਕੁਝ ਹਿੱਸਾ ਵਾਪਸ ਕਰ ਸਕਦੇ ਹਾਂ। ਕਦੀ ਕਦੀ ਕਿਸੇ ਵਿਰੋਧੀ ਧਿਰ ਤੋਂ ਲਾਗਤਾਂ ਦੀ ਰਕਮ ਮਿਲਣ ਵਿਚ ਕਾਫ਼ੀ ਸਮਾਂ ਲੱਗ ਜਾਂਦਾ ਹੈ ਅਤੇ ਕੁਝ ਮਾਮਲਿਆਂ ਵਿਚ ਸਾਨੂੰ ਜਾਂ ਸਾਡੇ ਵਕੀਲ ਨੂੰ ਲਾਗਤ ਦੀ ਰਕਮ ਵਸੂਲਣ ਲਈ ਅਦਾਲਤੀ ਕਾਰਵਾਈ ਕਰਨੀ ਪੈਂਦੀ ਹੈ ਅਤੇ ਕੁਝ ਮਾਮਲਿਆਂ ਵਿਚ ਵਿਰੋਧੀ ਧਿਰ ਤੋਂ ਲਾਗਤਾਂ ਦਾ ਭੁਗਤਾਨ ਲੈਣਾ ਸੰਭਵ ਨਹੀਂ ਹੁੰਦਾ।

ਜੇ ਤੁਹਾਡੀ ਵਿਰੋਧੀ ਧਿਰ ਵੀ ਕਾਨੂੰਨੀ ਮਦਦ ਲੈ ਰਹੀ ਹੈ, ਤਾਂ ਅਦਾਲਤ ਉਸ 'ਤੇ ਪਾਏ ਗਏ ਖ਼ਰਚਿਆਂ ਦੀ ਰਕਮ ਨੂੰ ਘੱਟ ਕਰ ਸਕਦੀ ਹੈ। ਜੇ ਇੰਜ ਹੁੰਦਾ ਹੈ, ਤਾਂ ਸਾਨੂੰ ਤੁਹਾਡੇ ਵਕੀਲ ਦਾ ਬਿਲ ਅਦਾ ਕਰਨ ਲਈ ਤੁਹਾਡੇ ਯੋਗਦਾਨ ਜਾਂ ਕਾਨੂੰਨੀ ਸਹਾਇਤਾ ਕਰਕੇ ਜਿੱਤੀ ਜਾਂ ਬਚਾਈ ਹੋਈ ਸੰਪਤੀ ਦੀ ਵਰਤੋਂ ਕਰਨੀ ਪਏਗੀ।

## 3 ਯੋਗਦਾਨ

### 3.1 ਤੁਹਾਨੂੰ ਯੋਗਦਾਨ ਕਦੋਂ ਕਰਨਾ ਪੈ ਸਕਦਾ ਹੈ?

ਤੁਸੀਂ ਭਾਵੇਂ ਸਲਾਹ ਅਤੇ ਸਹਾਇਤਾ ਲਈ ਅਰਜ਼ੀ ਦਿਓ ਜਾਂ ਮੁਕੰਮਲ ਕਾਨੂੰਨੀ ਸਹਾਇਤਾ ਲਈ, ਤੁਹਾਨੂੰ ਯੋਗਦਾਨ ਪਾਉਣ ਲਈ ਕਿਹਾ ਜਾ ਸਕਦਾ ਹੈ – ਤੁਹਾਡੀ ਮਾਲੀ ਹਾਲਤ 'ਤੇ ਨਿਰਭਰ ਕਰਦਾ ਹੈ। ਜੇ ਤੁਸੀਂ ਸਲਾਹ ਅਤੇ ਸਹਾਇਤਾ ਅਤੇ ਕਾਨੂੰਨੀ ਸਹਾਇਤਾ ਦੋਵੇਂ ਲੈਂਦੇ ਹੋ, ਤਾਂ ਤੁਹਾਨੂੰ ਦੋਹਾਂ ਲਈ ਭੁਗਤਾਨ ਕਰਨਾ ਪੈ ਸਕਦਾ ਹੈ।

#### ਸਲਾਹ ਅਤੇ ਸਹਾਇਤਾ

ਸਲਾਹ ਅਤੇ ਸਹਾਇਤਾ ਲਈ, ਤੁਹਾਡਾ ਵਕੀਲ ਦਸ ਸਕਦਾ ਹੈ ਕਿ ਜੇ ਤੁਹਾਨੂੰ ਯੋਗਦਾਨ ਕਰਨਾ ਪਏਗਾ।

#### ਕਾਨੂੰਨੀ ਸਹਾਇਤਾ

ਅਸੀਂ ਤੁਹਾਨੂੰ ਕਾਨੂੰਨੀ ਸਹਾਇਤਾ ਦੀ ਮੰਜ਼ੂਰੀ ਦੇਣ ਵੇਲੇ ਹੀ ਦਸ ਦਿਆਂਗੇ ਕਿ ਤੁਸੀਂ ਕਿੰਨਾ ਯੋਗਦਾਨ ਪਾਉਣਾ ਹੈ ਅਤੇ ਇਹ ਵੀ ਕਿ ਅਸੀਂ ਉਸਦਾ ਅੰਦਾਜ਼ਾ ਕਿਵੇਂ ਲਾਉਂਦੇ ਹਾਂ।

ਅਸੀਂ ਤੁਹਾਡੀ ਅਰਜ਼ੀ ਫ਼ਾਰਮ ਵਿਚ ਦਿਤੀ ਗਈ ਜਾਣਕਾਰੀ ਤੋਂ ਇਹ ਅੰਦਾਜ਼ਾ ਲਾਉਂਦੇ ਹਾਂ ਕਿ ਤੁਸੀਂ ਆਪਣਾ ਗੁਜ਼ਾਰਾ ਕਰਨ ਦੇ ਜ਼ਰੂਰੀ ਖ਼ਰਚਿਆਂ ਤੋਂ ਬਾਅਦ ਆਪਣੀ ਆਮਦਨ ਅਤੇ ਪੂੰਜੀ ਦਾ ਕਿੰਨਾ ਹਿੱਸਾ ਬਚਾ ਲੈਂਦੇ ਹੋ ਅਤੇ ਕਿੰਨਾ ਭੁਗਤਾਨ ਕਰਨਾ ਬਰਦਾਸ਼ਤ ਕਰ ਸਕਦੇ ਹੋ। ਇਹ ਸਕਾੱਟਿਸ਼ ਪਾਰਲੀਮੈਂਟ ਦੀ ਤੈਅ ਕੀਤੀ ਗਈ ਸੀਮਾਂ 'ਤੇ ਅਧਾਰਿਤ ਹੁੰਦਾ ਹੈ।

ਜੇ ਤੁਸੀਂ ਆਮਦਨ ਦੇ ਅਧਾਰ 'ਤੇ ਭੁਗਤਾਨ ਕਰਨਾ ਹੈ, ਤਾਂ ਅਸੀਂ ਆਮ ਤੌਰ 'ਤੇ ਤੁਹਾਨੂੰ, ਉਸਦਾ ਕਿਸ਼ਤਾਂ ਵਿਚ ਭੁਗਤਾਨ ਕਰਨ ਦੀ ਇਜਾਜ਼ਤ ਦਿਆਂਗੇ। ਅਸੀਂ ਤੁਹਾਨੂੰ ਦਸ ਦਿਆਂਗੇ ਕਿ ਕਿੰਨੇ ਸਮੇਂ ਤੱਕ ਅਤੇ ਕਿੰਨੀ ਰਕਮ ਦੀਆਂ ਕਿਸ਼ਤਾਂ ਅਦਾ ਕਰਨੀਆਂ ਪੈਣਗੀਆਂ। ਇਹ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਤੁਸੀਂ ਕੁਲ ਕਿੰਨਾ ਭੁਗਤਾਨ ਕਰਨਾ ਹੈ। ਜੇ ਤੁਹਾਨੂੰ ਲਗੇਗਾ ਕਿ ਓਨੀ ਮਿਆਦ ਵਿਚ ਓਨਾ ਭੁਗਤਾਨ ਕਰਨ ਵਿਚ ਤੁਹਾਨੂੰ ਮੁਸ਼ਕਿਲ ਹੋਏਗੀ, ਤਾਂ ਅਸੀਂ ਕਦੀ ਕਦੀ ਭੁਗਤਾਨ ਦੀ ਮਿਆਦ ਵਧਾ ਵੀ ਸਕਦੇ ਹਾਂ। ਤੁਹਾਨੂੰ ਇਹ ਗੱਲ ਸਪਸ਼ਟ ਕਰਨੀ ਹੋਏਗੀ ਕਿ ਸਾਨੂੰ ਇੰਜ ਕਿਉਂ ਕਰਨਾ ਚਾਹੀਦਾ ਹੈ। ਸਾਡੇ ਸਰਕਾਰੀ ਖ਼ਜ਼ਾਨੇ ਦੇ ਮਹਿਕਮੇ ਵਿਚਲੇ ਸਟਾਫ਼ ਨੂੰ ਇਸ ਮਾਮਲੇ ਬਾਰੇ ਤੁਹਾਡੇ ਨਾਲ ਗੱਲ ਕਰਕੇ ਖ਼ੁਸ਼ੀ ਹੋਏਗੀ।

ਜੇ ਤੁਸੀਂ ਕਿਸ਼ਤਾਂ ਖੁੰਝਾ ਦਿੰਦੇ ਹੋ ਜਾਂ ਉਸਦਾ ਭੁਗਤਾਨ ਨਹੀਂ ਕਰਦੇ, ਤਾਂ ਅਸੀਂ ਤੁਹਾਡੀ ਕਾਨੂੰਨੀ ਸਹਾਇਤਾ ਰੋਕ ਦਿਆਂਗੇ। ਇਸਦਾ ਮਤਲਬ ਇਹ ਹੈ ਕਿ ਤੁਹਾਡੇ ਵਕੀਲ ਨੂੰ ਕਾਨੂੰਨੀ ਸਹਾਇਤਾ ਤਹਿਤ, ਤੁਹਾਡੀ ਤਰਫ਼ੋਂ ਕੰਮ ਬੰਦ ਕਰਨਾ ਹੋਏਗਾ। ਤੁਹਾਡੇ ਮੁਕੱਦਮੇ ਦੀ ਲਾਗਤ ਪ੍ਰਾਪਤ ਕਰਨ ਲਈ, ਤੁਹਾਨੂੰ ਅਜੇ ਵੀ ਆਪਣਾ ਬਾਕੀ ਰਹਿੰਦਾ ਯੋਗਦਾਨ ਦੇਣਾ ਹੋਏਗਾ ਜਾਂ ਅਸੀਂ ਜਿਹੜੀ ਰਕਮ ਤੁਹਾਡੇ ਵਕੀਲ ਨੂੰ ਦਿਤੀ ਹੈ, ਜਿਹੜੀ ਵੀ ਘੱਟ ਹੈ।

ਪੂੰਜੀ (ਬੱਚਤਾਂ ਅਤੇ ਤੁਹਾਡੀ ਮਾਲਿਕੀ ਵਾਲੀਆਂ ਚੀਜ਼ਾਂ ਦਾ ਮੁੱਲ) ਅਧਾਰਿਤ ਯੋਗਦਾਨਾਂ ਦਾ ਅਕਸਰ ਇਕ-ਮੁਸ਼ਤ ਭੁਗਤਾਨ ਕਰਨਾ ਪੈਂਦਾ ਹੈ।

ਇਹ ਜ਼ਰੂਰੀ ਹੈ ਕਿ ਤੁਸੀਂ ਆਪਣੇ ਵਕੀਲ ਨੂੰ ਆਪਣੇ ਮੁਕੱਦਮੇ ਦੇ ਸੰਭਾਵਿਤ ਖ਼ਰਚੇ ਦਾ ਹਿਸਾਬ ਲਾਉਣ ਲਈ ਕਹੋ। ਇਸ ਨਾਲ ਤੁਹਾਡੇ ਪੈਸੇ ਬਚਣਗੇ, ਕਿਉਂਕਿ ਉਸ ਵੇਲੇ ਅਸੀਂ ਸ਼ੁਰੂਆਤ ਵਿਚ ਹੀ ਤੁਹਾਡੇ ਯੋਗਦਾਨ ਦੀ ਰਕਮ, ਤੁਹਾਡੇ ਵਕੀਲ ਵਲੋਂ ਦਸੀ ਗਈ ਤੁਹਾਡੇ ਮੁਕੱਦਮੇ ਦੀ ਅੰਦਾਜ਼ਨ ਲਾਗਤ ਦੇ ਬਰਾਬਰ ਤੈਅ ਕਰਾਂਗੇ। ਪਰ ਜੇ ਮੁਕੱਦਮਾ ਖ਼ਤਮ ਹੁੰਦਿਆਂ ਹੁੰਦਿਆਂ ਉਸ ਅੰਦਾਜ਼ਨ ਲਾਗਤ ਤੋਂ ਖ਼ਰਚਾ ਵਧ ਜਾਂਦਾ ਹੈ, ਤਾਂ ਅਸੀਂ ਇਸ ਫ਼ਰਕ ਦਾ ਪਤਾ ਲਾਵਾਂਗੇ:

- ਅੰਦਾਜ਼ਨ ਲਾਗਤ ਅਤੇ ਸ਼ੁਰੂਆਤ ਵਿਚ ਹੀ ਅਸੀਂ ਤੁਹਾਡੀ ਭੁਗਤਾਨ ਸਮਰੱਥਾ ਨੂੰ ਧਿਆਨ ਵਿਚ ਰਖਦਿਆਂ, ਯੋਗਦਾਨ ਦੀ ਜਿਸ ਰਕਮ ਦਾ ਅੰਦਾਜ਼ਾ ਲਾਇਆ ਸੀ
- ਅੰਦਾਜ਼ਨ ਲਾਗਤ ਅਤੇ ਮੁਕੱਦਮੇ 'ਤੇ ਆਈ ਅਸਲ ਲਾਗਤ। ਫਿਰ ਉਹਨਾਂ ਦੋਹਾਂ ਰਕਮਾਂ ਵਿਚੋਂ ਜਿਹੜੀ ਰਕਮ ਘੱਟ ਹੋਏਗੀ, ਤੁਹਾਨੂੰ ਉਸਦਾ ਭੁਗਤਾਨ ਕਰਨਾ ਪਏਗਾ।

ਜੇ ਤੁਹਾਡੇ ਮੁਕੱਦਮੇ 'ਤੇ ਤੁਹਾਡੇ ਵਲੋਂ ਅਦਾ ਕੀਤੀ ਗਈ ਯੋਗਦਾਨ ਦੀ ਰਕਮ ਤੋਂ ਘੱਟ ਖ਼ਰਚ ਆਉਂਦਾ ਹੈ, ਤੁਹਾਡੀ ਵਿਰੋਧੀ ਧਿਰ ਤੋਂ ਕੁਝ ਲਾਗਤਾਂ ਵਾਪਸ ਮਿਲ ਜਾਂਦੀਆਂ ਹਨ, ਤਾਂ ਤੁਹਾਨੂੰ ਤੁਹਾਡੇ ਯੋਗਦਾਨ ਦੀ ਕੁਝ ਰਕਮ ਵਾਪਸ ਮਿਲ ਸਕਦੀ ਹੈ।

## 3.2 ਤੁਹਾਡੇ ਯੋਗਦਾਨ ਦੀ ਵਰਤੋਂ

### ਸਲਾਹ ਅਤੇ ਸਹਾਇਤਾ

ਸਲਾਹ ਅਤੇ ਸਹਾਇਤਾ ਲਈ ਤੁਹਾਨੂੰ ਯੋਗਦਾਨ ਦੀ ਰਕਮ ਵਾਪਸ ਨਹੀਂ ਕੀਤੀ ਜਾਏਗੀ, ਭਾਵੇਂ ਤੁਹਾਡੀ ਵਿਰੋਧੀ ਧਿਰ ਮੁਕੱਦਮੇ ਦੀਆਂ ਲਾਗਤਾਂ ਦਾ ਭੁਗਤਾਨ ਕਰੇ।

### ਕਾਨੂੰਨੀ ਸਹਾਇਤਾ

ਕਾਨੂੰਨੀ ਸਹਾਇਤਾ ਲਈ, ਜੇ ਤੁਹਾਡੀ ਵਿਰੋਧੀ ਧਿਰ ਮੁਕੱਦਮੇ ਦੀਆਂ ਲਾਗਤਾਂ ਅਦਾ ਕਰਦੀ ਹੈ, ਤਾਂ ਅਸੀਂ ਉਸ ਰਕਮ ਦੀ ਵਰਤੋਂ ਤੁਹਾਡੇ ਵਕੀਲ ਦੇ ਬਿਲ ਦਾ ਭੁਗਤਾਨ ਕਰਨ ਲਈ ਕਰਾਂਗੇ। ਪਰ ਜੇ ਤੁਹਾਡੀ ਵਿਰੋਧੀ ਧਿਰ ਦੇ ਭੁਗਤਾਨ ਨਾਲ ਢੁਕਵੀਂ ਰਕਮ ਨਹੀਂ ਮਿਲਦੀ, ਤਾਂ ਅਸੀਂ ਤੁਹਾਡੇ ਯੋਗਦਾਨ ਦੇ ਕੁਝ ਹਿੱਸੇ ਜਾਂ ਤੁਹਾਡੇ ਸਾਰੇ ਦੀ ਵਰਤੋਂ ਕਰਾਂਗੇ।

ਤੁਹਾਨੂੰ ਆਪਣਾ ਪੂਰਾ ਯੋਗਦਾਨ ਤਾਂ ਹੀ ਵਾਪਸ ਮਿਲੇਗਾ, ਜੇ:

- ਅਦਾਲਤ ਫ਼ੈਸਲਾ ਕਰਦੀ ਹੈ ਕਿ ਤੁਹਾਡੀਆਂ ਸਾਰੀਆਂ ਅਦਾਲਤੀ ਲਾਗਤਾਂ ਤੁਹਾਡੀ ਵਿਰੋਧੀ ਧਿਰ ਅਦਾ ਕਰੇਗੀ
- ਤੁਹਾਡੀ ਵਿਰੋਧੀ ਧਿਰ ਵਾਕਈ ਭੁਗਤਾਨ ਕਰਦੀ ਹੈ, ਅਤੇ
- ਉਸ ਰਕਮ ਨਾਲ ਤੁਹਾਡੇ ਵਕੀਲ ਦੇ ਬਿਲ ਦਾ ਭੁਗਤਾਨ ਹੋ ਜਾਂਦਾ ਹੈ।

ਅਸੀਂ ਤੁਹਾਡੇ ਯੋਗਦਾਨ ਦਾ ਹਿੱਸਾ ਪ੍ਰਾਪਤ ਕਰ ਸਕਦੇ ਹਾਂ, ਜੇ:

- ਅਸੀਂ ਤੁਹਾਡੇ ਵਕੀਲ ਨੂੰ ਜੋ ਭੁਗਤਾਨ ਕੀਤਾ ਹੈ, ਉਸ ਨਾਲੋਂ ਤੁਹਾਡਾ ਯੋਗਦਾਨ ਵੱਧ ਹੈ, ਜਾਂ
- ਸਾਨੂੰ ਤੁਹਾਡੀ ਵਿਰੋਧੀ ਧਿਰ ਤੋਂ ਕੁਝ ਅਦਾਲਤੀ ਲਾਗਤਾਂ ਵਾਪਸ ਮਿਲ ਜਾਂਦੀਆਂ ਹਨ।

## 4 'ਜਿੱਤੀ' ਜਾਂ 'ਬਚਾਈ' ਹੋਈ ਸੰਪਤੀ

### 4.1 ਸੰਪਤੀ 'ਜਿਤਣ' ਜਾਂ ਉਸਦੇ 'ਬਚਾਉਣ' ਦਾ ਕੀ ਮਤਲਬ ਹੈ?

ਜੇ ਤੁਸੀਂ ਸਲਾਹ ਅਤੇ ਸਹਾਇਤਾ ਜਾਂ ਕਾਨੂੰਨੀ ਸਹਾਇਤਾ ਲੈਕੇ ਅਜਿਹੀ ਸੰਪਤੀ ਹਾਸਿਲ ਕਰ ਲੈਂਦੇ ਹੋ, ਜੋ ਤੁਹਾਡੀ ਨਹੀਂ ਸੀ, ਤੁਸੀਂ ਉਸਨੂੰ 'ਜਿੱਤ' ਲਓਗੇ। ਜੇ ਕੋਈ ਸੰਪਤੀ ਤੁਹਾਡੀ ਹੈ ਅਤੇ ਉਸਨੂੰ ਤੁਹਾਡੇ ਤੋਂ ਕੋਈ ਖੋਹਣ ਦੀ ਕੋਸ਼ਿਸ਼ ਕਰ ਰਿਹਾ ਸੀ, ਤਾਂ ਤੁਸੀਂ ਉਸਨੂੰ 'ਬਚਾ' ਲੈਂਦੇ ਹੋ। ਕਦੀ ਕਦੀ ਤੁਸੀਂ ਸੰਪਤੀ 'ਮਿਲਣ' ਜਾਂ 'ਬਣਾਈ ਰਖਣ' ਵਰਗੇ ਸ਼ਬਦ ਸੁਣੇ ਹੋ ਸਕਦੇ ਹਨ – ਇਸਦਾ ਮਤਲਬ ਜਿੱਤਣਾ ਜਾਂ ਬਚਾਉਣਾ ਹੀ ਹੁੰਦਾ ਹੈ।

ਜੇ ਤੁਸੀਂ ਆਪਣੇ ਮੁਕੱਦਮੇ ਦੇ ਨਤੀਜੇ ਵਜੋਂ ਕੋਈ ਧੰਨ ਜਾਂ ਸੰਪਤੀ ਜਿਤੱਦੇ ਹੋ ਜਾਂ ਬਚਾ ਲੈਂਦੇ ਹੋ, ਤਾਂ ਅਸੀਂ ਤੁਹਾਡੇ ਵਕੀਲ ਨੂੰ ਜਿਹੜਾ ਭੁਗਤਾਨ ਕੀਤਾ ਹੈ, ਉਸਦੀ ਪੂਰਤੀ ਲਈ ਤੁਹਾਨੂੰ ਉਹ ਸਾਰੀ ਰਕਮ ਜਾਂ ਸਾਰੀ ਸੰਪਤੀ ਜਾਂ ਉਸਦਾ ਕੁਝ ਹਿੱਸਾ ਸਾਨੂੰ ਦੇਣਾ ਪੈ ਸਕਦਾ ਹੈ। ਇਸਨੂੰ ਕਦੀ ਕਦੀ 'ਕਲਾਬੈਕ' ਕਿਹਾ ਜਾਂਦਾ ਹੈ। ਤੁਹਾਡਾ ਵਕੀਲ ਤੁਹਾਨੂੰ ਇਹ ਜਾਣਕਾਰੀ ਦੇ ਸਕਦਾ ਹੈ ਕਿ ਇਹ ਸਥਿਤੀ ਤੁਹਾਡੇ 'ਤੇ ਕਦੋਂ ਲਾਗੂ ਹੋ ਸਕਦੀ ਹੈ ਅਤੇ ਇਹ ਵੀ ਕਿ ਕਿਸ ਧੰਨ ਜਾਂ ਕਿਸ ਸੰਪਤੀ 'ਤੇ ਲਾਗੂ ਨਹੀਂ ਹੁੰਦੀ।

'ਸੰਪਤੀ' ਦਾ ਅਰਥ ਬਹੁਤ ਸਾਰੀਆਂ ਚੀਜ਼ਾਂ ਤੋਂ ਹੁੰਦਾ ਹੈ; ਜਿਸ ਵਿਚ ਕੋਈ ਵੀ ਚੀਜ਼ ਆਉਂਦੀ ਹੈ, ਜਿਸਨੂੰ ਹਾਸਿਲ ਕੀਤਾ ਜਾ ਸਕਦਾ ਹੈ ਇਹ ਘਰ, ਜਾਂ ਕੋਈ ਕੀਮਤੀ ਚੀਜ਼ ਜਾਂ ਧੰਨ ਹੋ ਸਕਦਾ ਹੈ। ਕੁਝ ਉਦਾਹਰਣ ਹਨ:

- ਮਕਾਨ
- ਸ਼ੇਅਰ
- ਬੀਮਾ ਪਾੱਲਿਸੀਆਂ
- ਉਹ ਧੰਨ ਜੋ ਤੁਹਾਡਾ ਪਤੀ/ਪਤਨੀ ਜਾਂ ਸਾਥੀ, ਤਲਾਕ ਦਿੰਦੇ ਸਮੇਂ ਜਾਂ ਕੋਈ ਦੀਵਾਨੀ ਭਾਈਵਾਲੀ ਖ਼ਤਮ ਕਰਨ ਵੇਲੇ ਅਦਾ ਕਰਦਾ ਹੈ
- ਫ਼ੌਜਦਾਰੀ ਸੱਟ-ਫੇਟ ਮੁਆਵਜੇ ਬਾਰੇ ਅਥਾੱਰਿਟੀ [Criminal Injuries Compensation Authority] ਵਲੋਂ ਕੀਤਾ ਗਿਆ ਭੁਗਤਾਨ
- ਕਿਸੇ ਹੋਰ ਸ੍ਰੋਤ ਤੋਂ ਮਿਲਿਆ ਮੁਆਵਜ਼ੇ ਦਾ ਭੁਗਤਾਨ।

ਇਹ ਸਿਰਫ਼ ਉਦਾਹਰਣ ਹਨ ਅਤੇ ਕੋਈ ਵੀ ਕੀਮਤੀ ਚੀਜ਼ ਸੰਪਤੀ ਵਿਚ ਆਉਂਦੀ ਹੈ। ਸਲਾਹ ਅਤੇ ਸਹਾਇਤਾ ਅਤੇ ਕਾਨੂੰਨੀ ਸਹਾਇਤਾ ਵਿਚ ਕੁਝ ਫਰਕ ਹੁੰਦਾ ਹੈ। ਤੁਹਾਡਾ ਵਕੀਲ ਤੁਹਾਨੂੰ ਇਸ ਬਾਰੇ ਵਿਸਥਾਰ ਨਾਲ ਦਸ ਸਕਦਾ ਹੈ।

### 4.2 ਕਲਾਬੈਕ ਕਿਸ ਤਰ੍ਹਾਂ ਦੇ ਮਾਮਲਿਆਂ 'ਤੇ ਅਸਰ ਪਾਉਂਦਾ ਹੈ?

ਕਲਾਬੈਕ ਸਿਰਫ਼ ਧੰਨ ਜਾਂ ਸੰਪਤੀ ਦੇ ਮਾਮਲਿਆਂ ਵਿਚ ਲਾਗੂ ਹੁੰਦਾ ਹੈ। ਜਿਵੇਂ ਤਲਾਕ ਦੇ ਮਾਮਲਿਆਂ ਵਿਚ ਅਦਾਲਤ ਅਕਸਰ ਇਹ ਤੈਅ ਕਰਦੀ ਹੈ ਕਿ ਤੁਹਾਡੇ ਅਤੇ ਪਤੀ/ਪਤਨੀ ਦੀ ਸਾਂਝੇ ਸੰਪਤੀ ਜਾਂ ਧੰਨ ਨੂੰ ਕਿਵੇਂ ਵੰਡਿਆ ਜਾਏ, ਜਿਵੇਂ ਘਰ, ਐਂਡੋਅਮੈਂਟ ਪਾੱਲਿਸੀਆਂ ਜਾਂ ਪੇਨਸ਼ਨ। ਜਾਂ ਤੁਸੀਂ ਆਪਣੇ ਪਤੀ/ਪਤਨੀ ਤੋਂ ਇਕ-ਮੁਸ਼ਤ ਰਕਮ ਚਾਹ ਸਕਦੇ ਹੋ। ਹੋਰ ਮਾਮਲਿਆਂ ਵਿਚ ਤੁਸੀਂ ਸੱਟ-ਫੇਟ ਲਈ ਮੁਆਵਜ਼ਾ ਜਾਂ ਨੁਕਸਾਨ ਦੀ ਭਰਪਾਈ ਚਾਹੁਣ ਦੀ ਕੋਸ਼ਿਸ਼ ਕਰ ਸਕਦੇ ਹੋ।

ਤੁਹਾਨੂੰ ਆਪਣੇ ਵਕੀਲ ਤੋਂ ਪੁੱਛਣਾ ਚਾਹੀਦਾ ਹੈ ਕਿ:

- ਉਹ ਮਾਮਲੇ ਦੇ ਸ਼ੁਰੂ ਵਿਚ ਹੀ ਦਸ ਦਏ ਕਿ ਕੀ ਉਸ ਵਿਚ ਕਲਾਬੈਕ ਲਾਗੂ ਹੋ ਸਕਦਾ ਹੈ
- ਤੁਸੀਂ ਉਹਨਾਂ ਤਬਦੀਲੀਆਂ ਬਾਰੇ ਦਸਦੇ ਰਹੋ, ਜੋ ਤੁਹਾਡੇ ਮਾਮਲੇ ਨੂੰ ਪ੍ਰਭਾਵਿਤ ਕਰ ਸਕਦੇ ਹਨ
- ਦਸੋ ਕਿ ਤੁਹਾਨੂੰ ਕਿੰਨਾ ਭੁਗਤਾਨ ਕਰਨਾ ਪਏਗਾ।

### 4.3 ਕੀ ਤੁਹਾਨੂੰ ਕਲਾਬੈਕ ਨੇਮਾਂ ਤਹਿਤ ਕਿਸੇ ਤਰ੍ਹਾਂ ਦੀਆਂ ਛੋਟਾਂ ਪ੍ਰਾਪਤ ਹਨ?

ਹਾਂ, ਜ਼ਿਆਦਾਤਰ ਵਿਆਹੁਤਾ ਜਾਂ ਦੀਵਾਨੀ ਭਾਈਵਾਲੀ ਦੇ ਮਾਮਲਿਆਂ ਵਿਚ ਤੁਸੀਂ ਪਹਿਲੇ £5,259 ਆਪਣੇ ਕੋਲ ਰਖ ਸਕਦੇ ਹੋ। ਇਸ ਅੰਕੜੇ ਦਾ ਹਰ ਸਾਲ ਜਾਇਜ਼ਾ ਲਿਆ ਜਾਂਦਾ ਹੈ।

## 4.4 ਕੀ ਤੁਹਾਨੂੰ ਕਲਾਬੈਕ ਨੇਮਾਂ ਤਹਿਤ ਕੋਈ ਵਿਸ਼ੇਸ਼ ਅਖ਼ਤਿਆਰ ਹਾਸਿਲ ਹੈ?

**ਸਲਾਹ ਅਤੇ ਸਹਾਇਤਾ**

ਸਲਾਹ ਅਤੇ ਸਹਾਇਤਾ ਬਾਰੇ, ਅਸੀਂ ਇਸ ਗੱਲ ਨੂੰ ਧਿਆਨ ਵਿਚ ਰਖਦੇ ਹਾਂ ਕਿ ਕਿਤੇ ਤੁਸੀਂ ਜਿੱਤੀ ਜਾਂ ਬਚਾਈ ਹੋਈ ਸੰਪਤੀ ਤੋਂ ਭੁਗਤਾਨ ਕਰਨ 'ਤੇ ਕਿਸੇ ਗੰਭੀਰ ਮੁਸ਼ਕਿਲ ਜਾਂ ਸੰਕਟ ਵਿਚ ਤਾਂ ਨਹੀਂ ਪੈ ਜਾਓਗੇ।

ਜੇ ਤੁਸੀਂ ਆਪਣੇ ਵਕੀਲ ਤੋਂ ਸਲਾਹ ਅਤੇ ਸਹਾਇਤਾ ਲੈਣ ਬਦਲੇ ਬਚਾਈ ਜਾਂ ਜਿੱਤੀ ਗਈ ਸੰਪਤੀ ਤੋਂ ਉਸਨੂੰ ਭੁਗਤਾਨ ਨਹੀਂ ਕੀਤਾ, ਤਾਂ ਸਾਨੂੰ ਭੁਗਤਾਨ ਕੀਤੀਆਂ ਗਈਆਂ ਉਹਨਾਂ ਰਕਮਾਂ ਨੂੰ ਵਸੂਲਣ ਲਈ ਤੁਹਾਡੇ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਨ ਦਾ ਅਧਿਕਾਰ ਹੈ।

**ਕਾਨੂੰਨੀ ਸਹਾਇਤਾ**

ਕਾਨੂੰਨੀ ਸਹਾਇਤਾ ਲਈ, ਅਸੀਂ ਗੰਭੀਰ ਮੁਸ਼ਕਿਲ ਜਾਂ ਸੰਕਟ ਬਾਰੇ ਵਿਚਾਰ ਨਹੀਂ ਕਰ ਸਕਦੇ।

## 4.5 ਕੀ ਤੁਸੀਂ ਜਿਤਿਆ ਜਾਂ ਬਚਾਇਆ ਗਿਆ ਸਾਰਾ ਧੰਨ ਜਾਂ ਸੰਪਤੀ ਲੈ ਲਓਗੇ?

ਅਸੀਂ ਤੁਹਾਡੀ ਜਿੱਤੇ ਜਾਂ ਬਚੇ ਹੋਏ ਧੰਨ ਜਾਂ ਸੰਪਤੀ ਦਾ ਸਿਰਫ਼ ਜਿੰਨਾ ਅਸੀਂ ਤੁਹਾਡੇ ਮੁਕੱਦਮੇ ਵਿਚ ਅਸੀਂ ਭੁਗਤਾਨ ਕੀਤਾ ਹੈ, ਵਿਚਕਾਰ ਪੈਂਦੀ ਕਿਸੇ ਵੀ ਕਮੀ ਨੂੰ ਪੂਰਾ ਕਰਨ ਜਿੰਨਾ ਹੀ ਲਵਾਂਗੇ ਅਤੇ:

- ਤੁਹਾਡੀ ਵਿਰੋਧੀ ਧਿਰ ਵਲੋਂ ਅਦਾ ਕੀਤੀਆਂ ਗਈਆਂ ਕੋਈ ਵੀ ਲਾਗਤਾਂ, ਅਤੇ
- ਤੁਹਾਡੇ ਵਲੋਂ ਕੀਤਾ ਗਿਆ ਕੋਈ ਵੀ ਭੁਗਤਾਨ।

ਜੇ ਤੁਹਾਡਾ ਵਿਰੋਧੀ ਅਦਾਲਤੀ ਲਾਗਤਾਂ ਦੇ ਭੁਗਤਾਨ ਵਿਚ ਦੇਰੀ ਕਰਦਾ ਹੈ, ਤਾਂ ਅਸੀਂ ਉਸ ਰਕਮ ਦੀ ਪੂਰਤੀ ਲਈ ਚੋਖਾ ਧੰਨ ਰੋਕ ਲਵਾਂਗੇ। ਅਸੀਂ ਉਸਨੂੰ ਵਿਆਜ ਮਿਲਣ ਵਾਲੇ ਖ਼ਾਤੇ ਵਿਚ ਜਮ੍ਹਾ ਕਰ ਦਿਆਂਗੇ ਅਤੇ ਉਸਦਾ ਵਿਆਜ ਤੁਹਾਨੂੰ ਦਿੰਦੇ ਰਹਾਂਗੇ।

## 4.6 ਜੇ ਕੋਈ. ਮੁਕੱਦਮਾ ਲੜਕੇ ਆਪਣੇ ਮਕਾਨ ਨੂੰ ਜਿੱਤਦਾ ਜਾਂ ਬਚਾਉਂਦਾ ਹੈ, ਤਾਂ ਕੀ ਉਸਨੂੰ ਬਕਾਇਆ ਰਹਿੰਦੀ ਰਕਮ ਦੇ ਭੁਗਤਾਨ ਲਈ ਇਹ ਮਕਾਨ ਵੇਚਣਾ ਪਏਗਾ?

ਨਹੀਂ। ਅਸੀਂ ਤੁਹਾਡਾ ਕਿਸ਼ਤਾਂ ਵਿਚ ਭੁਗਤਾਨ ਕਰਨ ਅਤੇ ਤੁਹਾਡੇ ਵਲੋਂ ਅਗੇ ਚਲਕੇ ਮਕਾਨ ਵੇਚਣ ਤੱਕ, ਦੇਰ ਨਾਲ ਭੁਗਤਾਨ ਕਰਨ ਦੀ ਇਜਾਜ਼ਤ ਦਿਆਂਗੇ। ਪਰ ਜੇ ਤੁਹਾਨੂੰ ਆਪਣਾ ਮਕਾਨ ਵੇਚਣ ਤੱਕ ਭੁਗਤਾਨਯੋਗ ਰਕਮ 'ਤੇ ਵਿਆਜ ਦੇਣਾ ਪਏਗਾ ਅਤੇ ਇਹ ਯਕੀਨੀ ਬਣਾਉਣ ਲਈ ਕਿ ਆਖ਼ਰਕਾਰ ਸਾਨੂੰ ਸਾਡੀ ਰਕਮ ਮਿਲੇਗੀ, ਅਸੀਂ ਤੁਹਾਡੇ ਮਕਾਨ 'ਤੇ ਇਕ ਮਿਆਰੀ ਜ਼ਮਾਨਤ ਲਵਾਂਗੇ। ਤੁਹਾਡਾ ਵਕੀਲ ਤੁਹਾਨੂੰ ਦਸ ਸਕਦਾ ਹੈ ਕਿ ਮਿਆਰੀ ਜ਼ਮਾਨਤ ਤਹਿਤ ਕੀ ਆਉਂਦਾ ਹੈ।

ਸਾਡੀ ਬਕਾਇਆ ਰਕਮ ਦੇ ਭੁਗਤਾਨ ਦੇ ਹੋਰ ਤਰੀਕੇ ਵੀ ਹਨ, ਜੋ ਤੁਹਾਡੇ ਲਈ ਜ਼ਿਆਦਾ ਸਹੂਲਤ ਵਾਲੇ ਹੋਣਗੇ, – ਜਿਵੇਂ ਤੁਸੀਂ ਬੈਂਕ ਤੋਂ ਕਰਜ਼ਾ ਲੈਣ ਬਾਰੇ ਸੋਚ ਸਕਦੇ ਹੋ। ਅਸੀਂ ਕਿਸੇ ਵੇਲੇ ਵੀ ਇਹ ਜਾਣਕਾਰੀ ਦੇ ਸਕਦੇ ਹਾਂ ਕਿ ਤੁਸੀਂ ਕੁਲ ਕਿੰਨੀ ਰਕਮ ਦਾ ਭੁਗਤਾਨ ਕਰਨਾ ਹੈ, ਇਸ ਲਈ ਫੈਸਲਾ ਤੁਸੀਂ ਕਰਨਾ ਹੈ ਕਿ ਤੁਹਾਡੇ ਲਈ ਉਚਿਤ ਕੀ ਹੈ।

ਮਿਸਾਲ ਲਈ ਕਲਾਬੈਕ ਵਜੋਂ ਤੁਹਾਨੂੰ ਕਿੰਨਾ ਭੁਗਤਾਨ ਕਰਨਾ ਪੈ ਸਕਦਾ ਹੈ, ਸੈਕਸ਼ਨ 10 ਵੇਖੋ।

## 5 ਜੇ ਮੇਰਾ ਵਕੀਲ ਨਿਜੀ ਤੌਰ 'ਤੇ ਮੇਰੀ ਪੈਰਵੀ ਕਰਨ ਦਾ ਸੁਝਾਅ ਦਏ, ਤਾਂ?

ਜੇ ਅਸੀਂ ਤੁਹਾਨੂੰ ਸਲਾਹ ਅਤੇ ਸਹਾਇਤਾ ਦੀ ਮੰਜ਼ੂਰੀ ਦਿੰਦੇ ਹਾਂ, ਤਾਂ ਤੁਹਾਨੂੰ ਵਕੀਲ ਨੂੰ ਹੋਰ ਕੰਮਾਂ (ਜਿਵੇਂ ਮਾਹਿਰਾਂ ਜਾਂ ਵਕੀਲਾਂ ਦੀਆਂ ਸੇਵਾਵਾਂ ਲੈਣੀਆਂ) ਲਈ ਸਾਡੀ ਸਹਿਮਤੀ ਲੈਣੀ ਪਏਗੀ। ਜੇ ਅਸੀਂ ਤੁਹਾਡੇ ਵਕੀਲ ਵਲੋਂ ਵਾਧੂ ਕੰਮ ਕਰਨ ਜਾਂ ਹੋਰ ਪੈਸਾ ਖ਼ਰਚਣ ਲਈ ਸਹਿਮਤ ਨਹੀਂ ਹੁੰਦੇ, ਤਾਂ ਸਲਾਹ ਅਤੇ ਸਹਾਇਤਾ ਜਾਂ ਕਾਨੂੰਨੀ ਸਹਾਇਤਾ ਦੇ ਚਲਦਿਆਂ, ਅਸੀਂ ਤੁਹਾਨੂੰ, ਤੁਹਾਡੇ ਮੁਕੱਦਮੇ ਲਈ ਅਲੱਗ ਤੋਂ ਭੁਗਤਾਨ ਕਰਨ ਲਈ ਨਹੀਂ ਕਹਿ ਸਕਦੇ।

ਜੇ ਅਸੀਂ ਤੁਹਾਨੂੰ ਕਾਨੂੰਨੀ ਸਹਾਇਤਾ ਦੇਣ ਤੋਂ ਮਨ੍ਹਾ ਕਰ ਦਿੰਦੇ ਹਾਂ ਜਾਂ ਕਿਸੇ ਕਾਰਣ ਤੁਹਾਨੂੰ ਮਿਲ ਰਹੀ ਕਾਨੂੰਨੀ ਮਦਦ ਰੁਕ ਜਾਂਦੀ ਹੈ, ਤਾਂ ਤੁਹਾਡਾ ਵਕੀਲ ਤੁਹਾਡੇ ਲਈ ਵਿਅਕਤੀਗਤ ਤੌਰ 'ਤੇ ਕੰਮ ਕਰਨ ਦਾ ਸੁਝਾਅ ਦੇ ਸਕਦਾ ਹੈ। ਜੇ ਇੰਜ ਹੁੰਦਾ ਹੈ, ਤਾਂ ਅਸੀਂ ਸਿਫ਼ਾਰਸ਼ ਕਰਦੇ ਹਾਂ ਕਿ ਤੁਸੀਂ:

- ਉਹ ਤੁਹਾਨੂੰ ਇਸਦਾ ਕਾਰਣ ਚੰਗੀ ਤਰ੍ਹਾਂ ਸਮਝਾਉਣ
- ਉਹ ਤੁਹਾਡੇ ਨਾਲ ਕੰਮ ਕਰਨਾ ਸ਼ੁਰੂ ਕਰਨ, ਇਸਤੋਂ ਪਹਿਲਾਂ ਇਹ ਯਕੀਨੀ ਬਣਾ ਲਓ ਕਿ ਤੁਸੀਂ ਉਹਨਾਂ ਦੇ ਕੰਮ ਅਤੇ ਉਸਦੀਆਂ ਸ਼ਰਤਾਂ ਚੰਗੀ ਤਰ੍ਹਾਂ ਸਮਝਦੇ ਹੋ ਅਤੇ ਉਹਨਾਂ ਨਾਲ ਸਹਿਮਤ ਹੋ।

ਯਾਦ ਰਖੋ ਕਿ ਜੇ ਤੁਹਾਡੇ ਆਪਣੀ ਮਾਲੀ ਯੋਗਤਾ ਬਾਰੇ ਕੋਈ ਸੁਆਲ ਹਨ, ਤਾਂ ਤੁਸੀਂ ਸਾਡੀ ਮਾਲੀ ਜਾਇਜ਼ਾ ਯੂਨਿਟ (ਅੰਦਰਲਾ ਮੁੱਖ ਪੰਨਾ ਵੇਖੋ) ਨੂੰ ਸੰਪਰਕ ਕਰ ਸਕਦੇ ਹੋ।

## 6 ਕੀ ਮੈਨੂੰ ਇਸ ਬਾਰੇ ਕੁਝ ਕਹਿਣ ਦਾ ਹੱਕ ਹੈ ਕਿ ਤੁਸੀਂ ਮੇਰੇ ਵਕੀਲ ਨੂੰ ਕਿੰਨਾ ਭੁਗਤਾਨ ਕਰੋ?

ਅਸੀਂ ਵਕੀਲਾਂ ਨੂੰ ਜਿੰਨਾ ਭੁਗਤਾਨ ਕਰਦੇ ਹਾਂ, ਉਹ ਆਮ ਤੌਰ 'ਤੇ ਕਾਨੂੰਨੀ ਤੌਰ 'ਤੇ ਨਿਸ਼ਚਿਤ ਹੁੰਦੇ ਹਨ ਅਤੇ ਅਸੀਂ ਉਸਦਾ ਬਿਲ ਵੀ ਜਾਂਚਦੇ ਹਾਂ ਕਿ ਕੀ ਕੰਮ ਹੋਇਆ ਹੈ ਅਤੇ ਇਸਦੀ ਲਾਗਤ ਵਾਜਿਬ ਹੈ।

### ਸਲਾਹ ਅਤੇ ਸਹਾਇਤਾ

ਜੇ ਵਕੀਲਾਂ ਨੂੰ ਲਗਦਾ ਹੈ ਕਿ ਸਲਾਹ ਅਤੇ ਸਹਾਇਤਾ ਲਈ ਉਹ ਸਾਡੇ ਵਲੋਂ ਪਹਿਲਾਂ ਤੋਂ ਹੀ ਸੀਮਤ ਫ਼ੰਡਿੰਗ ਤੋਂ ਕੰਮ 'ਤੇ ਜ਼ਿਆਦਾ ਲਾਗਤ ਆਏਗੀ, ਤਾਂ ਵਕੀਲਾਂ ਨੂੰ ਹੋਰ ਕੰਮ ਲਈ ਸਾਡੇ ਤੋਂ ਇਜਾਜ਼ਤ ਲੈਣੀ ਹੋਏਗੀ। ਅਸੀਂ ਫ਼ੈਸਲਾ ਕਰਦੇ ਹਾਂ ਕਿ 'ਸਲਾਹ ਅਤੇ ਸਹਾਇਤਾ' ਤਹਿਤ ਕੋਈ ਵਾਧੂ ਕੰਮ ਜਾਇਜ਼ ਹੈ ਜਾਂ ਨਹੀਂ। ਤੁਸੀਂ ਆਪਣੇ ਵਕੀਲ ਤੋਂ ਕਦੀ ਵੀ ਪੁੱਛ ਸਕਦੇ ਹੋ ਕਿ ਅਸੀਂ ਉਹਨਾਂ ਦੀ ਸਲਾਹ ਅਤੇ ਸਹਾਇਤਾ 'ਤੇ ਕਿੰਨਾ ਖ਼ਰਚ ਕਰਨ ਦੀ ਸਹਿਮਤੀ ਦਿਤੀ ਹੈ। ਅਤੇ ਜੇ ਉਹ ਸਹਿਮਤੀ ਵਾਲੀ ਰਕਮ ਤੋਂ ਵੱਧ ਖ਼ਰਚ ਕਰਦੇ ਹਨ, ਤਾਂ ਉਹ ਤੁਹਾਨੂੰ ਵਾਧੂ ਭੁਗਤਾਨ ਲਈ ਨਹੀਂ ਕਹਿ ਸਕਦੇ।

### ਕਾਨੂੰਨੀ ਸਹਾਇਤਾ

ਕਾਨੂੰਨੀ ਸਹਾਇਤਾ ਲਈ ਕੋਈ ਤੈਅ ਸੀਮਾਵਾਂ ਨਹੀਂ ਹਨ। ਪਰ ਕਾਨੂੰਨੀ ਸਹਾਇਤਾ ਦਿਤੀ ਜਾਏ ਕਿ ਨਾ ਬਾਰੇ ਫ਼ੈਸਲਾ ਕਰਨ ਲਗਿਆ, ਅਸੀਂ ਮੁਕੱਦਮੇ ਦੀਆਂ ਸੰਭਵ ਲਾਗਤਾਂ ਨੂੰ ਧਿਆਨ ਵਿਚ ਲਵਾਂਗੇ। ਇਸਤੋਂ ਅਲਾਵਾ, ਤੁਹਾਡੇ ਵਕੀਲ ਨੂੰ ਕਿਸੇ ਵੀ ਅਹਿਮ ਤਬਦੀਲੀਆਂ ਬਾਰੇ ਸਾਨੂੰ ਦਸਣਾ ਚਾਹੀਦਾ ਹੈ, ਤਾਂਜੋ ਅਸੀਂ ਫ਼ੈਸਲਾ ਕਰ ਸਕੀਏ ਕਿ ਕੀ ਇਹ ਤੁਹਾਨੂੰ ਕਾਨੂੰਨੀ ਸਹਾਇਤਾ ਜਾਰੀ ਰਖਣ ਲਈ ਅਜੇ ਵੀ ਉਚਿਤ ਹੈ।

ਪਰ, ਜਦੋਂ ਤੁਹਾਡਾ ਵਕੀਲ ਸਾਨੂੰ ਆਪਣਾ ਬਿਲ ਭੇਜਦਾ ਹੈ, ਉਹਨਾਂ ਨੂੰ ਸਾਨੂੰ ਇਹ ਸਿੱਧ ਕਰਨਾ ਪਏਗਾ ਕਿ ਜਿਸ ਕੰਮ ਲਈ ਉਹਨਾਂ ਨੇ ਫ਼ੀਸ ਲਈ ਹੈ ਉਹ ਜ਼ਰੂਰੀ ਅਤੇ ਉਚਿਤ ਸਨ।

### ਸਲਾਹ ਅਤੇ ਸਹਾਇਤਾ, ਅਤੇ ਕਾਨੂੰਨੀ ਸਹਾਇਤਾ

ਇਸ ਗੱਲ ਬਾਰੇ ਫ਼ੈਸਲਾ ਕਰਨਾ ਤੁਹਾਡੇ ਅਤੇ ਤੁਹਾਡੇ ਵਕੀਲ 'ਤੇ ਨਿਰਭਰ ਹੈ ਕਿ ਮੁਕੱਦਮਾ ਕਿਵੇਂ ਲੜਣਾ ਹੈ। ਯਾਦ ਰਖੋ ਕਿ ਤੁਸੀਂ ਜਿੰਨੀ ਵਾਰੀ ਕੋਈ ਸੁਆਲ ਲੈਕੇ ਆਪਣੇ ਵਕੀਲ ਕੋਲ ਜਾਂਦੇ ਹੋ ਅਤੇ ਜਿੰਨੀ ਵਾਰੀ ਉਹ ਤੁਹਾਡੇ ਲਈ ਕੁਝ ਕਰਦੇ ਹਨ, (ਚਿਠੀਆਂ ਲਿਖਣਾ, ਮੀਟਿੰਗਾਂ ਕਰਨਾ ਜਾਂ ਟੈਲੀਫ਼ੋਨ ਕਰਨਾ ਸਮੇਤ) ਤੁਹਾਡੇ ਮੁਕੱਦਮੇ ਦੀ ਲਾਗਤ ਓਨੀ ਹੀ ਵਧ ਸਕਦੀ ਹੈ।

ਕਿਉਂਕਿ ਇਹਨਾਂ ਲਾਗਤਾਂ ਦਾ ਭੁਗਤਾਨ ਤੁਸੀਂ ਕਰਨਾ ਹੈ, ਇਸ ਲਈ ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਆਪਣੇ ਵਕੀਲ ਤੋਂ ਪੁੱਛ ਲਓ ਕਿ ਤੁਹਾਡੇ ਮੁਕੱਦਮੇ 'ਤੇ

ਅੰਦਾਜ਼ਨ ਕਿੰਨੀ ਲਾਗਤ ਆਉਣ ਦੀ ਉਮੀਦ ਹੈ ਅਤੇ ਇਹ ਵੀ ਕਿ ਮੁਕੱਦਮੇ ਦੇ ਅੱਗੇ ਵਧਣ ਦੇ ਨਾਲ ਨਾਲ ਲਾਗਤ ਵਿਚ ਵੀ ਤਬਦੀਲੀ ਆਏਗੀ। ਨਿਜੀ ਤੌਰ 'ਤੇ ਭੁਗਤਾਨ ਕਰਨ ਵਾਲਾ ਕੋਈ ਵੀ ਮੁਵੱਕਿਲ ਇਹੀ ਕਰਦਾ ਹੈ ਅਤੇ ਅਸੀਂ ਤੁਹਾਨੂੰ ਵੀ ਇਹੀ ਕਰਨ ਦੀ ਸਲਾਹ ਦਿੰਦੇ ਹਾਂ।

ਆਪਣੇ ਵਕੀਲ ਨੂੰ ਹਿਸਾਬ-ਕਿਤਾਬ ਲਾਉਣ ਲਈ ਕਹਿਣ ਅਤੇ ਸਾਨੂੰ ਆਪਣੇ ਕੇਸ ਦੀ ਸੰਭਾਵਿਤ ਲਾਗਤ ਬਾਰੇ ਦੱਸਣ ਨਾਲ, ਤੁਹਾਡੇ ਪੈਸੇ ਬੱਚ ਸਕਦੇ ਹਨ: ਜੇ ਤੁਹਾਨੂੰ ਆਪਣੀ ਕਾਨੂੰਨੀ ਸਹਾਇਤਾ ਲਈ ਇਕ ਯੋਗਦਾਨ ਦਾ ਭੁਗਤਾਨ ਕਰਨਾ ਹੈ, ਤਾਂ ਅਸੀਂ ਸ਼ੁਰੂ ਵਿਚ, ਉਸ ਰਕਮ ਨੂੰ ਸੀਮਤ ਕਰ ਸਕਦੇ ਹਾਂ, ਜਿਸ ਬਾਰੇ ਤੁਹਾਡੇ ਵਕੀਲ ਨੇ ਅਨੁਮਾਨ ਲਾਇਆ ਹੈ, ਕਿ ਤੁਹਾਡੇ ਕੇਸ 'ਤੇ ਲਗੇਗੀ। ਪਰ ਜੇ ਕੇਸ 'ਤੇ ਅੰਦਾਜ਼ੇ ਤੋਂ ਵੱਧ ਰਕਮ ਲਗਦੀ ਹੈ, ਤਾਂ ਅਸੀਂ ਇਹਨਾਂ ਵਿਚਕਾਰ ਫ਼ਰਕ ਨੂੰ ਕੱਢਾਂਗੇ:

- ਉਸ ਅਨੁਮਾਨ ਅਤੇ ਯੋਗਦਾਨ ਵਿਚ, ਜਿਸ ਬਾਰੇ ਅਸੀਂ ਸ਼ੁਰੂ ਵਿਚ ਹਿਸਾਬ ਲਾਇਆ ਸੀ ਕਿ ਤੁਸੀਂ ਦੇ ਸਕਦੇ ਹੋ
- ਕੇਸ ਦੀ ਅੰਦਾਜ਼ਨ ਅਤੇ ਅਸਲ ਲਾਗਤ ਵਿਚ।

ਤੁਹਾਨੂੰ ਇਹਨਾਂ ਦੋਹਾਂ ਰਕਮਾਂ ਵਿਚੋਂ ਜਿਹੜੀ ਰਕਮ ਘੱਟ ਹੋਏਗੀ, ਉਸਦਾ ਭੁਗਤਾਨ ਕਰਨਾ ਚਾਹੀਦਾ ਹੈ।

ਤੁਸੀਂ ਸਾਨੂੰ ਜੋ ਭੁਗਤਾਨ ਕੀਤਾ ਹੈ, ਜੇ ਤੁਹਾਡੇ ਮੁਕੱਦਮੇ 'ਤੇ ਉਸ ਨਾਲੋਂ ਘੱਟ ਲਾਗਤ ਆਉਂਦੀ ਹੈ ਜਾਂ ਜੇ ਸਾਨੂੰ ਤੁਹਾਡੀ ਵਿਰੋਧੀ ਧਿਰ ਤੋਂ ਕੁਝ ਹਰਜਾਨਾ ਮਿਲ ਜਾਂਦਾ ਹੈ, ਤਾਂ ਤੁਹਾਨੂੰ ਆਪਣੇ ਯੋਗਦਾਨ ਵਿਚੋਂ ਕੁਝ ਰਕਮ ਵਾਪਸ ਮਿਲ ਸਕਦੀ ਹੈ।

## 7 ਵਿਰੋਧੀ ਧਿਰ ਦੇ ਖ਼ਰਚਿਆਂ ਦਾ ਭੁਗਤਾਨ ਕਰਨਾ

ਕਦੀ ਕਦੀ, ਅਦਾਲਤ ਤੁਹਾਨੂੰ ਆਪਣੀ ਵਿਰੋਧੀ ਧਿਰ ਦੀਆਂ ਲਾਗਤਾਂ ਦਾ ਭੁਗਤਾਨ ਕਰਨ ਦਾ ਹੁਕਮ ਸੁਣਾ ਸਕਦੀ ਹੈ ਜਾਂ ਤੁਸੀਂ ਉਸ ਲਈ ਸਹਿਮਤ ਹੋ ਸਕਦੇ ਹੋ। ਦੋਹਾਂ ਹੀ ਸਥਿਤੀਆਂ ਵਿਚ, ਅਜਿਹੀਆਂ ਕੋਈ ਵੀ ਲਾਗਤਾਂ ਤੁਸੀਂ ਆਪਣੇ ਆਪ ਹੀ ਅਦਾ ਕਰਨੀਆਂ ਹਨ – ਅਸੀਂ ਉਹਨਾਂ ਦਾ ਤੁਹਾਡੇ ਲਈ ਭੁਗਤਾਨ ਨਹੀਂ ਕਰਾਂਗੇ। ਤੁਸੀਂ ਅਦਾਲਤ ਨੂੰ ਅਦਾ ਕੀਤੀ ਜਾਣ ਵਾਲੀ ਰਕਮ ਘਟਾਉਣ ਲਈ ਕਹਿ ਸਕਦੇ ਹੋ। ਅਦਾਲਤ ਇਸ ਗੱਲ ਨੂੰ ਧਿਆਨ ਵਿਚ ਰਖਦਿਆਂ ਤੁਹਾਡੇ ਲਈ ਭੁਗਤਾਨ ਕਰਨਾ ਕੀ ਉਚਿਤ ਹੈ, ਬਾਰੇ ਫ਼ੈਸਲਾ ਕਰ ਸਕਦੀ ਹੈ:

- ਮੁਕੱਦਮੇ ਦੀਆਂ ਸਾਰੀਆਂ ਸਥਿਤੀਆਂ
- ਤੁਹਾਡੇ ਅਤੇ ਵਿਰੋਧੀ ਧਿਰ ਦੇ ਮਾਲੀ ਹਾਲਾਤ
- ਤੁਸੀਂ ਦੋਹਾਂ ਨੇ ਜਿਸ ਤਰ੍ਹਾਂ ਮੁਕੱਦਮੇ ਦੀ ਪੈਰਵੀ ਕੀਤੀ ਹੈ।

ਕੋਰਟ ਜੋ ਵੀ ਫ਼ੈਸਲਾ ਦਿੰਦੀ ਹੈ, ਤੁਹਾਨੂੰ ਉਸਦਾ ਭੁਗਤਾਨ ਕਰਨਾ ਹੀ ਪਏਗਾ; ਇਹ ਰਕਮ ਬਹੁਤ ਥੋੜ੍ਹੀ ਹੋ ਸਕਦੀ ਹੈ। ਤੁਸੀਂ ਆਪਣੇ ਵਕੀਲ ਤੋਂ ਇਸ ਬਾਰੇ ਹੋਰ ਜਾਣਕਾਰੀ ਲੈ ਸਕਦੇ ਹੋ।

ਕਾਨੂੰਨ ਤੁਹਾਨੂੰ ਆਪਣੇ ਵਿਰੋਧੀ ਵਲੋਂ ਦਿਤੇ ਗਏ ਬਿਲਾਂ ਬਾਰੇ ਸੁਆਲ ਕਰਨ ਦਾ ਹੱਕ ਦਿੰਦਾ ਹੈ। ਉਹ ਜਿੰਨਾ ਖ਼ਰਚਾ ਮੰਗ ਰਹੇ ਹਨ, ਜੇ ਤੁਸੀਂ ਉਸ ਤੋਂ ਨਾਖ਼ੁਸ਼ ਹੋ, ਤਾਂ ਤੁਸੀਂ ਸ਼ੈਰਿਫ਼ ਅਦਾਲਤ ਦੇ ਆੱਡੀਟਰ ਨੂੰ ਇਹ ਫ਼ੈਸਲਾ ਕਰਨ ਲਈ ਕਹਿ ਸਕਦੇ ਹੋ ਕਿ ਤੁਹਾਨੂੰ ਕਿੰਨਾ ਭੁਗਤਾਨ ਕਰਨਾ ਚਾਹੀਦਾ ਹੈ। ਅਦਾਲਤ ਦਾ ਆੱਡੀਟਰ ਇਕ ਸੁਤੰਤਰ ਅਫ਼ਸਰ ਹੁੰਦਾ ਹੈ, ਜੋ ਵਕੀਲਾਂ ਦੇ ਬਿਲਾਂ ਦੀ ਘੋਖ ਕਰਦਾ ਹੈ।

## 8 ਮੇਰੇ ਵਲੋਂ ਦਿਤੀ ਗਈ ਜਾਣਕਾਰੀ ਦੀ ਵਰਤੋਂ ਤੁਸੀਂ ਕਿਵੇਂ ਕਰੋਗੇ?

ਕਾਨੂੰਨੀ ਸਹਾਇਤਾ ਲਈ ਬੇਨਤੀ ਕਰਦਿਆਂ, ਜਿਥੇ ਜ਼ਰੂਰੀ ਹੋਵੇ, ਤੁਸੀਂ ਸਾਨੂੰ ਬੋਰਡ ਵਿਚ ਅਤੇ ਬੋਰਡ ਦੇ ਵਿਅਕਤੀਆਂ ਨਾਲ ਨਾਲ ਵੀ ਉਸ 'ਤੇ ਗੱਲਬਾਤ ਕਰਨ ਲਈ ਇਜਾਜ਼ਤ ਦਿੰਦੇ ਹੋ। ਮਿਸਾਲ ਦੇ ਤੌਰ 'ਤੇ ਅਸੀਂ ਤੁਹਾਡੇ ਮਾਲਿਕ ਤੋਂ ਜਾਂ ਜਿਹੜੇ ਲਾਭ ਲੈਣ ਲਈ ਤੁਸੀਂ ਕੰਮ ਅਤੇ ਪੇਨਸ਼ਨਾਂ ਬਾਰੇ ਵਿਭਾਗ ਕੋਲ ਦਾਅਵਾ ਕਰ ਰਹੇ ਹੋ, ਤੋਂ ਵੀ ਪੁੱਛਗਿੱਛ ਕਰ ਸਕਦੇ ਹਾਂ।

ਸਕੌਟਲੈਂਡ ਦੀ ਲਾਅ ਸੋਸਾਇਟੀ [Law Society of Scotland] ਦੀ ਨੁਮਾਇੰਦਗੀ ਕਰਨ ਵਾਲੇ ਵਕੀਲ ਵੀ ਕੁਆਲਿਟੀ ਦੇ ਭਰੋਸੇ ਦੀ ਉਘੜ ਦੁਘੜੀ ਜਾਂਚ ਲਈ ਤੁਹਾਡੀ ਅਰਜ਼ੀ ਵਿਚ ਦਿਤੀਆਂ ਗਈਆਂ ਜਾਣਕਾਰੀਆਂ 'ਤੇ ਨਜ਼ਰ ਮਾਰ ਸਕਦੇ ਹਨ, ਜਿਵੇਂ ਕਿ ਸੋਸਾਇਟੀ ਕਰਦੀ ਹੀ ਹੈ।

ਕਾਨੂੰਨੀ ਤੌਰ 'ਤੇ ਅਸੀਂ ਲੋਕਾਂ ਵਲੋਂ ਦਿਤੀ ਗਈ ਜਾਣਕਾਰੀ ਦੀ ਵਰਤੋਂ ਦੇ ਮਾਮਲੇ ਵਿਚ ਚੌਕਸ ਰਹਿੰਦੇ ਹਾਂ। ਅਸੀਂ ਕਾਨੂੰਨੀ ਸਹਾਇਤਾ ਦੀ ਅਰਜ਼ੀ ਨਾਲ ਸਬੰਧਿਤ ਸਾਰੀ ਜਾਣਕਾਰੀ ਆਮ ਤੌਰ 'ਤੇ ਤਾਂ ਹੀ ਕਿਸੇ ਨੂੰ ਦਿੰਦੇ ਹਾਂ, ਜਦੋਂ ਜਾਣਕਾਰੀ ਦੇਣ ਵਾਲਾ ਵਿਅਕਤੀ ਸਾਨੂੰ ਉਸਦੀ ਇਜਾਜ਼ਤ ਦਿੰਦਾ ਹੈ ਜਾਂ ਕਾਨੂੰਨੀ ਤੌਰ 'ਤੇ ਇੰਜ ਕਰਨਾ ਲਾਜ਼ਮੀ ਹੁੰਦਾ ਹੈ। ਪਰ, ਜਦ ਤੁਸੀਂ ਕਿਸੇ ਹੋਰ ਨੂੰ, ਜਿਵੇਂ ਆਪਣੇ MSP ਨੂੰ ਆਪਣੇ ਮੁਕਦਮੇ ਦੇ ਸਬੰਧ ਵਿਚ ਸਾਡੇ ਨਾਲ ਸੰਪਰਕ ਕਰਨ ਲਈ ਕਹਿੰਦੇ ਹੋ, ਤਾਂ ਅਸੀਂ ਇਹ ਮੰਨਕੇ ਚਲਦੇ ਹਾਂ ਕਿ ਤੁਸੀਂ ਸਾਨੂੰ ਉਸ ਨਾਲ ਗੱਲਬਾਤ ਕਰਨ ਦੀ ਇਜਾਜ਼ਤ ਦਿੰਦੇ ਹੋ। ਅੰਕੜਾ ਸੁਰੱਖਿਆ ਅਤੇ ਸੂਚਨਾ ਦੀ ਅਜ਼ਾਦੀ ਸਬੰਧੀ ਕਾਨੂੰਨਾਂ [Data Protection and Freedom of Information Acts] ਤਹਿਤ ਕਿਸੇ ਵਿਸ਼ੇਸ਼ ਜਾਣਕਾਰੀ ਨੂੰ ਗੁਪਤ ਰਖਣਾ ਅਤੇ ਕੁਝ ਜਾਣਕਾਰੀ ਉਪਲਬਧ ਕਰਾਉਣਾ ਸਾਡਾ ਫ਼ਰਜ਼ ਬਣਦਾ ਹੈ। ਮਿਸਾਲ ਦੇ ਤੌਰ 'ਤੇ ਅਸੀਂ ਤੁਹਾਡੀ ਵਿਅਕਤੀਗਤ ਜਾਣਕਾਰੀ ਕਿਸੇ ਹੋਰ ਨੂੰ ਨਹੀਂ ਦੇ ਸਕਦੇ। ਪਰ ਤੁਹਾਡੇ ਬਾਰੇ ਰਖੀ ਗਈ ਕਿਸੇ ਵੀ ਜਾਣਕਾਰੀ ਅਤੇ ਕੋਈ ਹੋਰ ਜਾਣਕਾਰੀ, ਜੋ ਅਸੀਂ ਕਾਨੂੰਨੀ ਸਹਾਇਤਾ ਅਤੇ ਅਸੀਂ ਕੰਮ ਕਿਵੇਂ ਕਰਦੇ ਹਾਂ, ਬਾਰੇ ਜਾਣਕਾਰੀ ਲੈਣ ਦਾ ਤੁਹਾਡਾ ਹੱਕ ਹੈ।

ਜੇ ਤੁਸੀਂ ਸਾਨੂੰ ਫੋਨ ਕਰਦੇ ਹੋ, ਤਾਂ ਅਸੀਂ ਤੁਹਾਡੀ ਸ਼ਨਾਖ਼ਤ ਦੀ ਪੁਸ਼ਟੀ ਲਈ ਤੁਹਾਡੇ ਵਲੋਂ ਦਿਤੇ ਗਏ ਵੇਰਵਿਆਂ ਦੀ ਵਰਤੋਂ ਇਸ ਗੱਲ ਨੂੰ ਯਕੀਨੀ ਬਣਾਉਣ ਲਈ ਕਰਦੇ ਹਾਂ ਕਿ ਸਾਡੇ ਕੰਮ ਕਰਨ ਦੇ ਤਰੀਕਿਆਂ ਨਾਲ ਕਿਸੇ ਨਾਲ ਪੱਖਪਾਤ ਨਾ ਹੋਏ ਅਤੇ ਹਰ ਕਿਸੇ ਨੂੰ ਬਰਾਬਰੀ ਦੇ ਮੌਕੇ ਅਤੇ ਜਾਣਕਾਰੀ ਤੱਕ ਪਹੁੰਚ ਉਪਲਬਧ ਹੋ ਸਕੇ।

ਜੇ ਤੁਸੀਂ ਇਹ ਜਾਣਨਾ ਚਾਹੁੰਦੇ ਹੋ ਕਿ ਸਾਨੂੰ ਜਿਹੜੀ ਜਾਣਕਾਰੀ ਮਿਲਦੀ ਹੈ, ਅਸੀਂ ਉਸਦੀ ਵਰਤੋਂ ਕਿਵੇਂ ਕਰਦੇ ਹਾਂ, ਤਾਂ ਕਿਰਪਾ ਕਰਕੇ ਜਾਣਕਾਰੀ ਤੱਕ ਪਹੁੰਚ [*Access to information]* ਲੀਫ਼ਲੈਟ ਪੜ੍ਹੋ, ਜਿਸ ਵਿਚ ਇਹ ਗੱਲ ਸਪਸ਼ਟ ਕੀਤੀ ਗਈ ਹੈ:

- ਤੁਸੀਂ ਕਿਵੇਂ ਪਤਾ ਲਾ ਸਕਦੇ ਹੋ ਕਿ ਸਾਡੇ ਕੋਲ ਤੁਹਾਡੇ ਨਾਲ ਸਬੰਧਿਤ ਕਿਰਵੀ ਜਾਣਕਾਰੀ ਹੈ
- ਸਾਡੇ ਕੋਲ, ਤੁਹਾਡੇ ਨਾਲ ਸਬੰਧਿਤ ਜਿਹੜੀ ਜਾਣਕਾਰੀ ਹੈ ਅਸੀਂ ਉਹਨਾਂ ਦਾ ਕੀ ਕਰਦੇ ਹਾਂ
- ਸਾਡੇ ਕੋਲ ਜਿਹੜੇ ਹੋਰ ਸਰਕਾਰੀ ਰਿਕੱਰਡ ਅਤੇ ਜਾਣਕਾਰੀ ਹੈ, ਤੁਸੀਂ ਉਸ ਤੱਕ ਕਿਵੇਂ ਪਹੁੰਚ ਕਰ ਸਕਦੇ ਹੋ।

## 9 ਜੇ ਮੈਂ ਆਪਣੇ ਵਕੀਲ ਦੇ ਕੰਮ ਕਰਨ ਦੇ ਤੌਰ ਤਰੀਕਿਆਂ ਤੋਂ ਅਸੰਤੁਸ਼ਟ ਹਾਂ, ਤਾਂ?

ਸਾਡੇ ਲੀਫ਼ਲੈਟ, *ਸਕੌਟਿਸ਼ ਕਾਨੂੰਨੀ ਸਹਾਇਤਾ ਬੋਰਡ ਬਾਰੇ ਸ਼ਿਕਾਇਤਾਂ ਅਤੇ ਟਿੱਪਣੀਆਂ [Complaints and comments about the Scottish Legal Aid Board]* ਵਿਚ ਸ਼ਿਕਾਇਤ ਕਰਨ ਸਬੰਧੀ ਸਾਡੇ ਅਸਲ ਬਾਰੇ ਦਸਿਆ ਗਿਆ ਹੈ। ਤੁਸੀਂ ਇਹ ਸਾਡੇ ਤੋਂ ਪ੍ਰਾਪਤ (ਇਸ ਲੀਫ਼ਲੈਟ ਦੇ ਅੰਦਰਲੇ ਸਰਵਰਕ ਤੇ ਸਾਡੇ ਸੰਪਰਕ ਵੇਰਵੇ ਵੇਖੋ) ਕਰ ਸਕਦੇ ਹੋ ਜਾਂ ਤੁਸੀਂ ਇਸਨੂੰ ਸਾਡੀ ਵੈਬ ਸਾਈਟ www.slab.org.uk. ਤੋਂ ਲੱਭ ਸਕਦੇ ਹੋ।

### ਜੇ ਤੁਹਾਡੀ ਸ਼ਿਕਾਇਤ ਆਪਣੇ ਸਾੱਲੀਸਿਟਰ ਬਾਰੇ ਹੈ

ਤੁਹਾਨੂੰ ਪਹਿਲਾਂ ਉਸ ਨਾਲ ਗੱਲ ਕਰਨੀ ਚਾਹੀਦੀ ਹੈ। ਜੇ ਤੁਸੀਂ ਅਜੇ ਵੀ ਸੰਤੁਸ਼ਟ ਨਹੀਂ ਹੋ, ਤਾਂ ਤੁਹਾਨੂੰ ਫ਼ਰਮ ਵਿਚ, ਸ਼ਿਕਾਇਤਾਂ ਨਾਲ ਨਜਿੱਠਣ ਵਾਲੇ ਵਿਅਕਤੀ ਨਾਲ ਗੱਲਬਾਤ ਕਰਨੀ ਚਾਹੀਦੀ ਹੈ, ਅਤੇ ਉਹ ਤੁਹਾਡੀ ਸਮਸਿਆ ਦਾ ਹਲ ਕਰਨ ਦੀ ਕੋਸ਼ਿਸ਼ ਕਰਨਗੇ।

ਜੇ ਤੁਹਾਡੀ ਸ਼ਿਕਾਇਤ ਕਾਨੂੰਨੀ ਸਹਾਇਤਾ ਨਾਲ ਨਜਿੱਠਣ ਬਾਰੇ ਹੈ, ਤਾਂ ਅਸੀਂ ਤੁਹਾਨੂੰ ਇਸ ਮਾਮਲੇ ਬਾਰੇ ਕਿਸੇ ਵੀ ਚਿੱਠੀ-ਪੱਤਰੀ ਜਾਂ ਟਿੱਪਣੀਆਂ ਦੀ ਇੱਕ ਕੱਾਪੀ ਭੇਜਾਂਗੇ।

ਜੇ ਤੁਸੀਂ ਸਥਿਤੀ ਬਾਰੇ ਅਜੇ ਵੀ ਨਾਖੁਸ਼ ਹੋ, ਤਾਂ ਤੁਸੀਂ ਕਾਨੂੰਨੀ ਸ਼ਿਕਾਇਤਾਂ ਬਾਰੇ ਸਕੌਟਿਸ਼ ਕਮਿਸ਼ਨ ਨਾਲ ਸੰਪਰਕ ਕਰ ਸਕਦੇ ਹੋ (ਬਾਅਦ ਵਿਚ ਵੇਖੋ)।

### ਜੇ ਤੁਹਾਡੀ ਸ਼ਿਕਾਇਤ ਆਪਣੇ ਵਕੀਲ ਬਾਰੇ ਹੈ

ਤੁਹਾਨੂੰ ਪਹਿਲਾਂ ਉਸ ਨਾਲ ਗੱਲ ਕਰਨੀ ਚਾਹੀਦੀ ਹੈ। ਜੇ ਤੁਸੀਂ ਸਥਿਤੀ ਬਾਰੇ ਅਜੇ ਵੀ ਨਾਖੁਸ਼ ਹੋ, ਤਾਂ ਤੁਸੀਂ ਕਾਨੂੰਨੀ ਸ਼ਿਕਾਇਤਾਂ ਬਾਰੇ ਸਕੌਟਿਸ਼ ਕਮਿਸ਼ਨ ਨਾਲ ਸੰਪਰਕ ਕਰ ਸਕਦੇ ਹੋ (ਬਾਅਦ ਵਿਚ ਵੇਖੋ)।

ਜੇ ਤੁਹਾਡੀ ਸ਼ਿਕਾਇਤ ਕਾਨੂੰਨੀ ਸਹਾਇਤਾ ਨਾਲ ਨਜਿੱਠਣ ਬਾਰੇ ਹੈ, ਤਾਂ ਅਸੀਂ ਤੁਹਾਨੂੰ ਇਸ ਮਾਮਲੇ ਬਾਰੇ ਕਿਸੇ ਵੀ ਚਿੱਠੀ-ਪੱਤਰੀ ਜਾਂ ਟਿੱਪਣੀਆਂ ਦੀ ਇੱਕ ਕੱਾਪੀ ਭੇਜਾਂਗੇ।

### ਕਾਨੂੰਨੀ ਸ਼ਿਕਾਇਤਾਂ ਬਾਰੇ ਸਕਾੱਟਿਸ਼ ਕਮਿਸ਼ਨ

ਇਹ ਕਮਿਸ਼ਨ ਕਾਨੂੰਨੀ ਪੇਸ਼ੇ ਤੋਂ ਸੁਤੰਤਰ ਹੈ ਅਤੇ ਕਾਨੂੰਨੀ ਪ੍ਰੈਕਟਿਸ਼ਨਰਾਂ ਵਲੋਂ ਉਪਲਬਧ ਕਰਾਈਆਂ ਗਈਆਂ ਸੇਵਾਵਾਂ ਸਬੰਧੀ ਸ਼ਿਕਾਇਤਾਂ ਨਾਲ ਨਜਿੱਠਦਾ ਹੈ। ਕਮਿਸ਼ਨ ਵਿਚ ਸ਼ਿਕਾਇਤ ਕਰਨ ਦੀ ਕੋਈ ਲਾਗਤ ਨਹੀਂ ਲੱਗਦੀ। ਕਮਿਸ਼ਨ ਪੇਸ਼ੇਵਰ ਸੰਸਥਾਵਾਂ (ਜਿਵੇਂ ਲੱਅ ਸੁਸਾਇਟੀ ਆੱਫ਼ ਸਕਾੱਟਲੈਂਡ ਜਾਂ ਦਿ ਫ਼ੈਕਲਟੀ ਆੱਫ਼ ਐਡਵੋਕੇਟਸ ਵਲੋਂ ਦੁਰਵਿਹਾਰ ਅਤੇ ਪੇਸ਼ੇਵਰ ਅਨੁਸ਼ਾਸਨ ਦੇ ਨਿਪਟਾਰੇ ਦੇ ਤੌਰ ਤਰੀਕਿਆਂ 'ਤੇ ਵੀ ਗ਼ੌਰ ਕਰ ਸਕਦਾ ਹੈ ਅਤੇ ਆਪਣੀਆਂ ਸ਼ਿਫ਼ਾਰਸ਼ਾਂ ਲਾਗੂ ਕਰਾ ਸਕਦਾ ਹੈ।

ਕਾਨੂੰਨੀ ਸ਼ਿਕਾਇਤਾਂ ਬਾਰੇ ਸਕਾੱਟਿਸ਼ ਕਮਿਸ਼ਨ ਨਾਲ ਸੰਪਰਕ ਕਰੋ, ਦਿ ਸਟੈਪ ਆੱਫ਼ਿਸ, 10-14 Waterloo Place, Edinburgh EH1 3EG, ਟੈਲੀਫ਼ੋਨ 0131 528 5111 ਜਾਂ ਈਮੇਲ enquiries@scottishlegalcomplaints.org.uk. ਜਾਂ ਉਹਨਾਂ ਦੀ ਵੈਬਸਾਈਟ www.scottishlegalcomplaints.org.uk ਵੇਖੋ।

### ਜੇ ਤੁਹਾਡੀ ਸ਼ਿਕਾਇਤ ਅਦਾਲਤਾਂ ਬਾਰੇ ਹੈ

ਅਦਾਲਤ ਜਾਂ ਅਦਾਲਤ ਦੇ ਸਟਾਫ਼ ਦੀ ਸ਼ਿਕਾਇਤ ਕਰਨ ਬਾਰੇ, ਜੋ ਕਿ ਤੁਹਾਡੇ ਮਾਮਲੇ ਨਾਲ ਨਜਿੱਠਦਾ ਹੈ, ਸਕਾੱਟਿਸ਼ ਕੋਰਟ ਸਰਵਿਸ ਨਾਲ ਸੰਪਰਕ ਕਰੋ, Hayweight House, 23 Lauriston Street, Edinburgh EH3 9DQ, ਟੈਲੀਫ਼ੋਨ 0131 229 9200. ਜਾਂ ਉਹਨਾਂ ਦੀ ਵੈਬਸਾਈਟ www.scotcourts.gov.uk 'ਤੇ ਉਹਨਾਂ ਦੇ ਸ਼ਿਕਾਇਤਾਂ ਦੇ ਅਮਲ ਬਾਰੇ ਹੋਰ ਜਾਣਨ ਲਈ।

**ਜੇ ਤੁਹਾਡੀ ਸ਼ਿਕਾਇਤ ਜੱਜ ਜਾਂ ਸ਼ੈਰਿਫ਼ ਬਾਰੇ ਹੈ**

ਜੇ ਤੁਹਾਡੀ ਸ਼ਿਕਾਇਤ ਜੱਜ ਜਾਂ ਸ਼ੈਰਿਫ਼ ਦੇ ਵਿਹਾਰ ਬਾਰੇ ਹੈ, ਤਾਂ ਸਕਾੱਟਿਸ਼ ਸਰਕਾਰ, ਕਾਂਸਟੀਟਿਊਸ਼ਨਲ ਲਾੱਅ ਅਤੇ ਕੋਰਟਸ ਡਾਇਰੈਕਟੋਰੇਟ, ਲੀਗਲ ਸਿਸਟਮ ਡਿਵੀਜ਼ਨ, ਕੋਰਟਸ ਐਂਡ ਐਡਮਿਨਿਸਟ੍ਰੇਟਿਵ ਜਸਟਿਸ ਟੀਮ, 2W St. Andrews House, Regent Road, Edinburgh EH1 3DG ਨੂੰ ਲਿਖੋ।

## 10 ਉਦਾਹਰਣ

ਇਥੇ ਪੇਸ਼ ਹਨ ਸਲਾਹ ਅਤੇ ਸਹਾਇਤਾ (ਸੈਕਸ਼ਨ 10.1) ਅਤੇ ਕਾਨੂੰਨੀ ਸਹਾਇਤਾ (10.2)। ਉਹਨਾਂ ਵਿਚ ਨੁਕਸਾਨ ਦੀ ਪੂਰਤੀ ਅਤੇ ਤਲਾਕ ਦੇ ਮਾਮਲੇ ਵਿਚ ਸੰਪਤੀ ਹਾਸਿਲ ਕਰਨ ਦਾ ਮਾਮਲਾ ਸ਼ਾਮਿਲ ਹੈ।

### 10.1 ਸਲਾਹ ਅਤੇ ਸਹਾਇਤਾ ਦੇ ਉਦਾਹਰਣ

**ਉਦਾਹਰਣ 1 – ਕਿਸੇ ਹਾਦਸੇ ਦੇ ਬਾਅਦ ਮੁਆਵਜ਼ਾ**

ਤੁਹਾਡਾ ਵਕੀਲ ਕਿਸੇ ਹਾਦਸੇ ਦੇ ਬਾਅਦ ਕਿਸੇ ਸਥਾਨਕ ਕੌਂਸਲ ਤੋਂ ਮੁਆਵਜ਼ੇ ਦਾ ਦਾਅਵਾ ਕਰਨ ਦੇ ਮਾਮਲੇ ਵਿਚ ਤੁਹਾਨੂੰ ਸਲਾਹ ਅਤੇ ਸਹਾਇਤਾ ਦਿੰਦਾ ਹੈ। ਇਸਤੇ ਨਤੀਜੇ ਵਜੋਂ ਕੌਂਸਲ, ਤੁਹਾਨੂੰ ਲੱਗੀਆਂ ਸੱਟਾਂ ਲਈ ਮੁਆਵਜ਼ੇ ਦੇ ਤੌਰ 'ਤੇ £5,000 ਦੇਣ ਲਈ ਰਜ਼ਾਮੰਦ ਹੋ ਜਾਂਦਾ ਹੈ। ਇਹ £5,000 ਤੁਹਾਡੀ ਜਿੱਤੀ ਹੋਈ ਸੰਪਤੀ ਹੈ।

ਇਸ ਉਦਾਹਰਣ ਵਿਚ:

- ਤੁਸੀਂ ਆਪਣੇ ਵਕੀਲ ਨੂੰ ਪਹਿਲਾਂ ਹੀ £50 ਦਾ ਯੋਗਦਾਨ ਦੇ ਚੁਕੇ ਹੋ
- ਕੌਂਸਲ, ਮੁਕਦਮੇ ਦੇ ਖ਼ਰਚਿਆਂ ਲਈ £750 ਅਦਾ ਕਰਨ ਲਈ ਸਹਿਮਤ ਹੋ ਜਾਂਦੀ ਹੈ ਅਤੇ
- ਤੁਹਾਡੇ ਵਕੀਲ ਦਾ ਬਿਲ £900 ਸੀ।

ਤੁਹਾਡੇ ਯੋਗਦਾਨ ਅਤੇ ਕੌਂਸਲ ਵਲੋਂ ਖ਼ਰਚਿਆਂ ਦਾ ਭੁਗਤਾਨ ਕਰਨ ਤੋਂ ਬਾਅਦ, ਤੁਹਾਡੇ ਵਕੀਲ ਦੇ ਬਿਲ ਦੇ £100 ਦਾ ਭੁਗਤਾਨ ਬਾਕੀ ਰਹਿ ਜਾਂਦਾ ਹੈ। ਤੁਸੀਂ ਜਿਹੜੀ ਸੰਪਤੀ ਜਿੱਤੀ ਹੈ, ਉਸ ਵਿਚੋਂ ਵਕੀਲ ਨੂੰ £100 ਦਾ ਭੁਗਤਾਨ ਤੁਹਾਨੂੰ ਕਰਨਾ ਪਏਗਾ, ਜਦ ਤੱਕ ਕਿ ਤੁਸੀਂ ਇਹ ਸਾਬਿਤ ਨਹੀਂ ਕਰ ਸਕਦੇ ਕਿ ਇਸ ਰਕਮ ਦਾ ਭੁਗਤਾਨ ਕਰਨ 'ਤੇ ਤੁਸੀਂ ਕਾਫ਼ੀ ਪਰੇਸ਼ਾਨੀ ਅਤੇ ਸੰਕਟ ਵਿਚ ਪੈ ਜਾਓਗੇ। ਇਸ ਤਰ੍ਹਾਂ ਤੁਹਾਨੂੰ ਮੁਆਵਜ਼ੇ ਦੇ ਰੂਪ ਵਿਚ ਕੌਂਸਲ ਵਲੋਂ ਅਦਾ ਕੀਤੀ ਗਈ ਰਕਮ ਦੇ ਤੌਰ 'ਤੇ £4,900 ਮਿਲ ਜਾਣਗੇ।

**ਉਦਾਹਰਣ 2 – ਵਿਆਹ ਟੁੱਟਣਾ**

ਤੁਸੀਂ ਅਤੇ ਤੁਹਾਡੇ ਪਤੀ/ਪਤਨੀ ਵਿਆਹ ਤੋੜਨ ਲਈ ਸਹਿਮਤ ਹੋ ਜਾਂਦੇ ਹੋ। ਅਦਾਲਤ ਵਿਚ ਗਏ ਬਗ਼ੈਰ ਇਸਦਾ ਪ੍ਰਬੰਧ ਹੋ ਜਾਂਦਾ ਹੈ। ਤੁਹਾਡੇ ਵਕੀਲ ਨੇ ਸਲਾਹ ਅਤੇ ਸਹਾਇਤਾ ਰਾਹੀਂ ਤੁਹਾਡੀ ਕਾਨੂੰਨੀ ਸਹਾਇਤਾ ਕੀਤੀ ਹੈ।

ਤੁਹਾਡਾ ਪਤੀ/ਪਤਨੀ ਤੁਹਾਨੂੰ £10,000 ਦੇਣ ਲਈ ਸਹਿਮਤ ਹੋ ਗਿਆ/ਗਈ ਹੈ।

ਤੁਹਾਨੂੰ ਮਿਲਣ ਵਾਲੀ ਪਹਿਲੀ £5,259 ਤੱਕ ਦੀ ਰਕਮ 'ਤੇ ਛੋਟ ਹੈ – ਯਾਨਿ ਤੁਹਾਨੂੰ ਕਿੰਨਾ ਭੁਗਤਾਨ ਕਰਨਾ ਚਾਹੀਦਾ ਹੈ, ਇਸਦਾ ਫ਼ੈਸਲਾ ਕਰਨ ਵੇਲੇ ਅਸੀਂ ਉਸਨੂੰ ਨਜ਼ਰਅੰਦਾਜ਼ ਕਰ ਦਿੰਦੇ ਹਾਂ। ਕਿਉਂਕਿ ਤੁਹਾਨੂੰ £10,000 ਮਿਲੇ ਹਨ। ਇਸ ਲਈ ਤੁਹਾਨੂੰ £4,741 ਦਾ ਭੁਗਤਾਨ ਕਰਨ ਲਈ ਕਿਹਾ ਜਾ ਸਕਦਾ ਹੈ।

ਤੁਹਾਡੇ ਵਕੀਲ ਦਾ ਬਿਲ £1,000 ਹੈ। ਤੁਸੀਂ ਮੁਕੱਦਮੇ ਦੇ ਖ਼ਰਚ ਲਈ ਕੋਈ ਯੋਗਦਾਨ ਨਹੀਂ ਪਾਇਆ ਅਤੇ ਤੁਹਾਡਾ ਪਤੀ/ਪਤਨੀ, ਤੁਹਾਡੀ ਕਾਨੂੰਨੀ ਸਲਾਹ

ਲਈ ਲਾਗਤਾਂ ਲਈ ਵੀ ਭੁਗਤਾਨ ਨਹੀਂ ਕਰ ਰਿਹਾ/ਰਹੀ। ਇਸ ਲਈ ਤੁਸੀਂ £1,000 ਦਾ ਭੁਗਤਾਨ ਕਰਨਾ ਹੈ, ਜਦ ਤੱਕ ਕਿ ਤੁਸੀਂ ਇਹ ਸਿਧ ਨਾ ਕਰ ਸਕੋ, ਉਸਦੇ ਭੁਗਤਾਨ ਨਾਲ ਤੁਸੀਂ ਗੰਭੀਰ ਪਰੇਸ਼ਾਨੀ ਅਤੇ ਸੰਕਟ ਵਿਚ ਪੈ ਜਾਓਗੇ।

## 10.2 ਕਾਨੂੰਨੀ ਸਹਾਇਤਾ ਦੀਆਂ ਉਦਾਹਰਣਾਂ

**ਉਦਾਹਰਣ 1 – ਨੁਕਸਾਨ ਸਬੰਧੀ ਮਾਮਲੇ ਵਿਚ ਸੰਪਤੀ ਜਿੱਤਣਾ**

ਜੇ ਤੁਹਾਡੇ ਨਾਲ ਹਾਦਸਾ ਹੋ ਗਿਆ ਹੈ ਅਤੇ ਤੁਸੀਂ ਜ਼ਖ਼ਮੀ ਹੋ ਗਏ ਹੋ, ਤਾਂ ਤੁਸੀਂ ਇਸ ਲਈ ਜ਼ਿੰਮੇਵਾਰ ਵਿਅਕਤੀ ਤੋਂ ਮੁਆਵਜ਼ਾ ਲਈ ਦਾਅਵਾ ਕਰ ਸਕਦੇ ਹੋ। ਉਦਾਹਰਣ ਲਈ ਉਹ ਤੁਹਾਡਾ ਮਾਲਕ, ਸਥਾਨਕ ਕੌਂਸਲ ਜਾਂ ਸੜਕ 'ਤੇ ਟ੍ਰੈਫਿਕ ਹਾਦਸੇ ਵਿਚ ਦੂਜਾ ਡ੍ਰਾਈਵਰ ਹੋ ਸਕਦਾ ਹੈ। ਤੁਸੀਂ ਮੁਕੱਦਮੇ ਵਿਚ ਆਪਣੇ ਵਿਰੋਧੀ ਤੋਂ ਮਿਲੀ ਕਿਸੇ ਵੀ ਰਕਮ ਦੀ, ਭਾਵੇਂ ਉਹ ਅਦਾਲਤੀ ਹੁਕਮ ਨਾਲ ਮਿਲੀ ਹੋਵੇ ਜਾਂ ਅਦਾਲਤ ਤੋਂ ਬਾਹਰ ਹੋਏ ਰਾਜ਼ੀਨਾਮੇ ਨਾਲ, ਜਿੱਤੀ ਹੋਈ ਸੰਪਤੀ ਮੰਨਕੇ ਚਲੋਗੇ।

ਉਦਾਹਰਣ ਲਈ, ਜੇ ਤੁਸੀਂ ਮੁਆਵਜ਼ੇ ਜਾਂ ਨੁਕਸਾਨ ਦੇ ਤੌਰ 'ਤੇ £15,000 ਮੰਗੇ ਸਨ, ਪਰ ਅਦਾਲਤ ਤੋਂ ਬਾਹਰ ਹੋਏ ਰਾਜ਼ੀਨਾਮੇ ਵਿਚ £10,000 ਮਿਲੇ, ਤਾਂ ਤੁਹਾਨੂੰ £10,000 ਦੀ ਜਿੱਤੀ ਹੋਈ ਸੰਪਤੀ ਮਿਲੀ।

**ਉਦਾਹਰਣ 2 – ਤਲਾਕ ਦੇ ਮਾਮਲੇ ਵਿਚ ਸੰਪਤੀ ਜਿਤਣਾ**

ਜੇ ਤੁਸੀਂ ਆਪਣੇ ਪਤੀ/ਪਤਨੀ ਤੋਂ ਤਲਾਕ ਲੈਣਾ ਹੈ ਅਤੇ ਘਰ ਤੁਹਾਡੇ ਅਤੇ ਤੁਹਾਡੇ ਪਤੀ/ ਪਤਨੀ ਦੇ ਨਾਂ 'ਤੇ ਸਾਂਝਾ ਹੈ, ਤਾਂ ਤੁਸੀਂ ਅਦਾਲਤ ਨੂੰ ਇਹ ਘਰ ਸਿਰਫ਼ ਤੁਹਾਡੇ ਨਾਂ 'ਤੇ ਤਬਦੀਲ ਕਰਨ ਲਈ ਕਹਿ ਸਕਦੇ ਹੋ। ਜੇ ਅਦਾਲਤ ਤੁਹਾਡੇ ਨਾਲ ਸਹਿਮਤ ਹੈ ਅਤੇ ਤੁਹਾਡੇ ਪਤੀ/ਪਤਨੀ ਦੇ ਹਿੱਸੇ ਨੂੰ ਤੁਹਾਡੇ ਘਰ ਵਿਚ ਤਬਦੀਲ ਕਰ ਦਿੰਦੀ ਹੈ, ਤਾਂ ਤੁਸੀਂ ਇਹ ਸੰਪਤੀ ਜਿੱਤ ਜਾਓਗੇ।

ਅਸੀਂ ਜਿੱਤੀ ਹੋਈ ਸੰਪਤੀ ਦਾ ਹਿਸਾਬ ਕਿਤਾਬ ਇਸ ਤਰ੍ਹਾਂ ਕਰਾਂਗੇ:

- ਘਰ ਦੀ ਕੀਮਤ = £60,000
- ਬਾਕੀ ਰਹਿੰਦੀ ਮਾਰਟਗੇਜ਼ ਦੀ ਰਕਮ = £40,000
- ਘਰ ਦੀ ਕੁਲ ਕੀਮਤ (ਮਾਰਟਗੇਜ਼ ਕਰਜ਼ੇ ਨੂੰ ਘਟਾ ਕੇ ਲਾਈ ਗਈ ਕੀਮਤ) = £20,000
- ਜਿਤੀ ਗਈ ਸੰਪਤੀ ਦੀ ਕੀਮਤ (2 ਵਲੋਂ ਵੰਡੇ ਗਏ ਲਾਭ-ਮਕਾਨ ਦੀ ਕੁਲ ਕੀਮਤ) = £10,000.

ਇਸਦਾ ਮਤਲਬ ਇਹ ਹੈ ਕਿ ਤੁਸੀਂ ਆਪਣੇ ਪਤੀ/ਪਤਨੀ ਦਾ ਅੱਧਾ ਹਿੱਸਾ ਹਾਸਿਲ ਕੀਤਾ ਹੈ ਅਤੇ £10,000 ਦੇ ਮੁੱਲ ਦੀ ਸੰਪਤੀ ਜਿੱਤੀ ਹੈ। ਪਰ ਤੁਸੀਂ ਪਹਿਲੇ £5,259 ਦੇ ਹੱਕਦਾਰ ਹੋ, ਇਸ ਲਈ ਤੁਹਾਡੀ ਜਿੱਤੀ ਹੋਈ ਸੰਪਤੀ ਦੀ ਕੀਮਤ ਘਟਕੇ £4,741 ਹੋ ਜਾਂਦੀ ਹੈ।

**ਉਦਾਹਰਣ 3 – ਤਲਾਕ ਦੇ ਮਾਮਲੇ ਵਿਚ ਸੰਪਤੀ ਬਚਾਉਣਾ**

ਜੇ ਤੁਸੀਂ ਤਲਾਕ ਲੈ ਰਹੇ ਹੋ, ਤੁਹਾਡਾ ਪਤੀ/ਪਤਨੀ ਅਦਾਲਤ ਨੂੰ ਮਕਾਨ ਦਾ ਉਸਦਾ ਹਿੱਸਾ ਆਪਣੇ ਨਾਂ ਕਰਨ ਲਈ ਕਹਿ ਸਕਦਾ/ਸਕਦੀ ਹੈ। ਜੇ ਤੁਸੀਂ ਉਸਦੇ ਦਾਅਵੇ ਦੀ ਸਫਲਤਾ ਨਾਲ ਵਿਰੋਧਤਾ ਕਰਨ ਵਿਚ ਕਾਮਯਾਬ ਹੋ ਜਾਂਦੇ ਹੋ ਅਤੇ ਘਰ ਤੁਹਾਡੇ ਨਾਂ ਹੋ ਜਾਂਦਾ ਹੈ ਅਤੇ ਕਲਾਬੈਕ ਦੀ ਰਕਮ £20,000 ਹੋਏਗੀ। ਉਸੇ ਤਰ੍ਹਾਂ ਤੁਸੀਂ ਪਹਿਲੇ £5,259 ਲੈਣ ਦੇ ਹੱਕਦਾਰ ਹੋ ਜਿਸ ਕਰਕੇ ਇਹ ਰਕਮ £14,741 ਬਣ ਜਾਂਦੀ ਹੈ।

**ਇਸ ਲਈ ਇਸਦਾ ਮਤਲਬ ਇਹ ਹੈ ਕਿ ਮੈਂ ਜੋ ਕੁਝ ਜਿੱਤਿਆ ਜਾਂ ਬਚਾਇਆ ਹੈ, ਉਹ ਸਾਰੇ ਦਾ ਸਾਰਾ ਤੁਹਾਨੂੰ ਦੇਣਾ ਪਏਗਾ?**

ਜ਼ਰੂਰੀ ਨਹੀਂ, ਕਿਉਂਕਿ ਇਹਨਾਂ ਉਦਾਹਰਣਾਂ ਵਿਚ ਵਿਖਾਏ ਗਏ ਅੰਕੜੇ ਤੁਹਾਡੇ ਵਲੋਂ ਅਦਾ ਕੀਤੀ ਜਾਣ ਵਾਲੀ ਵੱਧ ਤੋਂ ਵੱਧ ਰਕਮ ਦੇ ਅੰਕੜੇ ਹਨ। ਇਹਨਾਂ ਉਦਾਹਰਣਾਂ ਵਿਚ ਇਹ ਮੰਨਕੇ ਚਲਿਆ ਗਿਆ ਹੈ ਕਿ ਤੁਸੀਂ ਕਿਸੇ ਵੀ ਯੋਗਦਾਨ ਦਾ ਭੁਗਤਾਨ ਨਹੀਂ ਕੀਤਾ ਅਤੇ ਇਹ ਵੀ ਕਿ ਤੁਹਾਡੀ ਵਿਰੋਧੀ ਧਿਰ ਨੇ ਤੁਹਾਡੇ ਖ਼ਰਚਿਆਂ ਦਾ ਭੁਗਤਾਨ ਨਹੀਂ ਕੀਤਾ। ਤੁਹਾਡੇ ਵਲੋਂ ਅਸਲ ਵਿਚ ਭੁਗਤਾਨ ਕੀਤੀ ਜਾਣ ਵਾਲੀ ਰਕਮ:, ਘੱਟ ਹੈ:

- ਤੁਹਾਡੇ ਵਕੀਲ ਨੂੰ ਸਾਡੇ ਵਲੋਂ ਦਿਤੀ ਗਈ ਰਕਮ ਤੋਂ
- ਤੁਹਾਡੇ ਵਲੋਂ ਜਿੱਤੀ ਜਾਂ ਬਚਾਈ ਗਈ ਸੰਪਤੀ ਦੀ ਕੀਮਤ ਤੋਂ।

ਉਦਾਹਰਣ ਲਈ, ਜੇ ਤੁਹਾਡੇ ਵਲੋਂ ਜਿੱਤੀ ਜਾਂ ਬਚਾਈ ਗਈ ਸੰਪਤੀ ਦੀ ਕੀਮਤ £10,000 ਹੈ, ਅਤੇ ਅਸੀਂ ਤੁਹਾਡੇ ਵਕੀਲ ਨੂੰ £3,000 ਅਦਾ ਕੀਤੇ ਹਨ ਅਤੇ ਤੁਹਾਡੇ ਕੋਲ £7,000 ਬਚੇ ਹਨ। ਪਰ ਜੇ ਜਿੱਤੀ ਜਾਂ ਬਚਾਈ ਗਈ ਸੰਪਤੀ ਦੀ ਕੀਮਤ £5,000 ਹੈ ਅਤੇ ਅਸੀਂ ਤੁਹਾਡੇ ਵਕੀਲ ਨੂੰ £6,000 ਦਾ ਭੁਗਤਾਨ ਕੀਤਾ ਹੈ, ਤਾਂ ਤੁਹਾਨੂੰ £5,000 ਦਾ ਭੁਗਤਾਨ ਕਰਨਾ ਹੋਏਗਾ ਅਤੇ ਤੁਹਾਨੂੰ ਛੋਟ ਵਾਲੀ ਰਕਮ (£5,259), ਜੇ ਲਾਗੂ ਹੈ, ਤੋਂ ਛੁੱਟ ਕੁਝ ਨਹੀਂ ਮਿਲੇਗਾ।

ਜੇ ਤੁਹਾਡੇ ਵਲੋਂ ਜਿਤੀ ਗਈ ਸੰਪਤੀ ਧੰਨ ਨਹੀਂ ਹੈ (ਉਦਾਹਰਣ ਲਈ ਇਹ ਘਰ ਹੋ ਸਕਦਾ ਹੈ, ਜਿਸ ਵਿਚ ਤੁਸੀਂ ਰਹਿ ਰਹੇ ਹੋ) ਤਾਂ ਤੁਹਾਨੂੰ ਇਹ ਸਾਰੀ ਰਕਮ ਸਾਨੂੰ ਫੌਰਨ ਨਹੀਂ ਦੇਣੀ ਪਏਗੀ।

ਕਲਾਬੈਕ ਤੋਂ ਛੋਟ ਵਾਲੀਆਂ ਉਦਾਹਰਣਾਂ ਹੇਠਾਂ ਦਿਤੀਆਂ ਗਈਆਂ ਹਨ। ਇਹਨਾਂ ਵਿਚ ਇਹ ਮੰਨਕੇ ਚਲਿਆ ਜਾਂਦਾ ਹੈ ਕਿ ਤੁਹਾਡੀ ਵਿਰੋਧੀ ਧਿਰ ਤੁਹਾਡੇ ਖ਼ਰਚਿਆਂ ਦਾ ਭੁਗਤਾਨ ਨਹੀਂ ਕਰਦੀ ਅਤੇ ਨਾ ਹੀ ਤੁਸੀਂ ਕੋਈ ਯੋਗਦਾਨ ਪਾਇਆ ਹੈ।

**ਉਦਾਹਰਣ** 4

ਤਲਾਕ ਦੇ ਮੁਕਦਮੇ ਵਿਚ ਜਿੱਤੇ ਜਾਂ ਬਚਾ ਕੇ ਰਖੇ ਗਏ ਘਰ ਦੇ ਹਿੱਸੇ ਦੀ ਕੀਮਤ = £10,000

- ਕਲਾਬੈਕ ਤੋਂ ਛੋਟ ਵਾਲੀ ਰਕਮ = £5,259
- ਜਿੱਤੀ ਜਾਂ ਬਚਾਈ ਗਈ ਕੁਲ ਸੰਪਤੀ = £4,741

ਜੇ ਅਸੀਂ ਤੁਹਾਡੇ ਵਕੀਲ ਨੂੰ £5,000 ਦੇ ਬਿਲ ਦਾ ਭੁਗਤਾਨ ਕੀਤਾ ਹੈ, ਤਾਂ ਅਸੀਂ ਤੁਹਾਡੀ ਜਿੱਤੀ ਜਾਂ ਬਚਾਈ ਗਈ ਸੰਪਤੀ ਤੋਂ ਸਿਰਫ਼ £179 ਦੀ ਕਟੌਤੀ ਕਰਾਂਗੇ। ਤੁਹਾਨੂੰ ਛੋਟ ਵਾਲੀ ਰਕਮ ਵਜੋਂ ਸਿਰਫ਼ £5,259 ਮਿਲਣਗੇ।

**ਉਦਾਹਰਣ** 5

| | |
|---|---|
| ਤਲਾਕ ਦੇ ਮੁਕੱਦਮੇ ਵਿਚ ਜਿੱਤੇ ਜਾਂ ਬਚਾ ਕੇ ਰਖੇ ਗਏ ਘਰ ਦੇ ਹਿੱਸੇ ਦੀ ਕੀਮਤ | = £5,000 |
| ਕਲਾਬੈਕ ਤੋਂ ਛੋਟ ਵਾਲੀ ਰਕਮ | = £5,259 |
| ਜਿੱਤੀ ਜਾਂ ਬਚਾਈ ਗਈ ਕੁਲ ਸੰਪਤੀ | = £0.00 |

ਜੇ ਅਸੀਂ ਤੁਹਾਡੇ ਵਕੀਲ ਨੂੰ £5,000 ਦੇ ਬਿਲ ਦਾ ਭੁਗਤਾਨ ਕੀਤਾ ਹੈ, ਤਾਂ ਅਸੀਂ ਤੁਹਾਡੀ ਜਿੱਤੀ ਜਾਂ ਬਚਾਈ ਗਈ ਸੰਪਤੀ ਵਿਚੋਂ ਕੋਈ ਵੀ ਕਟੌਤੀ ਨਹੀਂ ਕਰਾਂਗੇ। ਤੁਹਾਨੂੰ ਛੋਟ ਵਾਲੀ ਰਕਮ ਵਿਚੋਂ ਪੂਰੇ £5,000 ਮਿਲਣਗੇ।

ਜੇ ਤੁਹਾਡੀ ਜਿੱਤੀ ਹੋਈ ਸੰਪਤੀ ਧੰਨ ਨਹੀਂ ਹੈ (ਉਦਾਹਰਣ ਲਈ ਇਹ ਘਰ ਹੋ ਸਕਦਾ ਹੈ, ਜਿਸ ਵਿਚ ਤੁਸੀਂ ਰਹਿ ਰਹੇ ਹੋ) ਤਾਂ ਤੁਹਾਨੂੰ ਇਹ ਸਾਰੀ ਰਕਮ ਸਾਨੂੰ ਫੌਰਨ ਨਹੀ ਦੇਣੀ ਪਏਗੀ। ਅਸੀਂ ਤੁਹਾਡੇ ਲਈ, ਭੁਗਤਾਨਯੋਗ ਰਕਮ ਅਦਾ ਕਰਨ ਲਈ ਕਿਸ਼ਤਾਂ ਦਾ ਪ੍ਰਬੰਧ ਕਰ ਸਕਦੇ ਹਾਂ ਜਾਂ ਇਸਤੋਂ ਅਲਾਵਾ ਅਸੀਂ ਤੁਹਾਡੀ ਸੰਪਤੀ 'ਤੇ ਮਿਆਰੀ ਜ਼ਮਾਨਤ ਰਖ ਸਕਦੇ ਹਾਂ। (ਵੇਖੋ ਸੈਕਸ਼ਨ 4.6)।

ਇਸ ਲੀਫ਼ਲੈਟ ਨੂੰ ਕੁਝ ਹੋਰ ਭਾਸ਼ਾਵਾਂ, ਬ੍ਰੇਲ ਜਾਂ ਵੱਡੇ ਅੱਖਰਾਂ, ਜਾਂ ਸੀਡੀ 'ਤੇ ਪ੍ਰਾਪਤ ਕਰਨ ਲਈ, ਕਿਰਪਾ ਕਰਕੇ ਅੰਦਰਲੇ ਮੁੱਖ ਸਫ਼ੇ 'ਤੇ ਦੱਸੀ ਗਈ ਥਾਂ 'ਤੇ ਸਾਡੇ ਨਾਲ ਸੰਪਰਕ ਕਰੋ।

CLA-WHAT-04/09

ਇਹ ਲੀਫ਼ਲੈਟ ਰਿਵਾਈਵ 75 'ਤੇ ਛਪਿਆ ਹੈ, ਜੋ 75% ਦੁਬਾਰਾ ਵਰਤੋਂ ਵਿਚ ਲਿਆਂਦੇ ਗਏ ਰੇਸ਼ਿਆਂ ਤੋਂ ਬਣਿਆ ਹੈ।

ਇਹ ਉਤਪਾਦ ਕਾਰਬਨ ਰਹਿਤ ਹੈ।

ਰਿਵਾਈਵ Stewarts Colour Printers, Edinburgh - TT-CAC-002190 ਵਲੋਂ ਛਾਪਿਆ ਗਿਆ।